World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ‘ਸਾਮਰਾਜਵਾਦ ਵਿਰੋਧੀ ਦਿਵਸ’ ਵਜੋਂ ਮਨਾਇਆ

## ਅੰਦੋਲਨ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਦੀ ਸੰਯੁਕਤ ਕਿਸਾਨ ਮੋਰਚੇ ਵੱਲੋਂ ਨਿਖੇਧੀ




**ਨਵੀਂ ਦਿੱਲੀ।** ਕਿਸਾਨਾਂ ਨੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਅੱਜ ‘ਸਾਮਰਾਜਵਾਦ ਵਿਰੋਧੀ ਦਿਵਸ’ ਵਜੋਂ ਮਨਾਇਆ। ਕਈ ਮੋਰਚਿਆਂ ਵਿੱਚ ਇਨਕਲਾਬੀ ਗੀਤਾਂ ਨੇ ਮੁਜ਼ਾਹਰਾਕਾਰੀਆਂ ਨੂੰ ਪ੍ਰੇਰਣਾ ਦਿੱਤੀ। ਬੁਲਾਰਿਆਂ ਨੇ ਭਾਰਤ ਦੇ ਆਜ਼ਾਦੀ ਦੇ ਸੰਗਰਾਮ ਵਿੱਚ ਸ਼ਹੀਦ ਊਧਮ ਸਿੰਘ ਦੇ ਜੀਵਨ ਸੰਘਰਸ਼, ਬਲਿਦਾਨ, ਸਾਮਰਾਜਵਾਦ ਅਤੇ ਮਨੁੱਖੀ ਲੁੱਟ ਵਿਰੁੱਧ ਸੰਘਰਸ਼ ਨੂੰ ਉਜਾਗਰ ਕੀਤਾ। ਸੰਯੁਕਤ ਕਿਸਾਨ ਮੋਰਚੇ ਨੇ ਮੀਡੀਆ ਵੱਲੋਂ ਕਿਸਾਨਾਂ ਦੇ ਅੰਦੋਲਨ ਨੂੰ ਨਵੇਂ ਤਰੀਕਿਆਂ ਨਾਲ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਇੱਕ ਟੈਲੀਵਿਜ਼ਨ ਚੈਨਲ ਵੱਲੋਂ ਵਿਰੋਧ ਕਰ ਰਹੇ ਕਿਸਾਨਾਂ ਨੂੰ ‘ਅੱਯਾਸ਼ਜੀਵੀ’ ਵਜੋਂ ਦਰਸਾਉਣ ਦੀਆਂ ਕੋਸ਼ਿਸ਼ਾਂ ਵਿੱਚ ਕੋਈ ਵੀ ਅਜਿਹਾ ਫੁਟੇਜ ਨਹੀਂ ਦਿਖਾਇਆ ਜਿਸ ਤੋਂ ਸਾਬਿਤ ਹੁੰਦਾ ਹੋਵੇ ਕਿ ਕਿਸਾਨ ਐਸ਼ਪ੍ਰਸਤੀ ਕਰ ਰਹੇ ਹਨ। ਕਿਸਾਨ ਆਗੂਆਂ ਨੇ ਕਿਹਾ, ‘‘ਮੋਰਚਾ ਕਾਰ-ਪੋਰੇਟ ਮੀਡੀਆ ਤੇ ਭਾਜਪਾ ਸਰਕਾਰ ਦੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਬਹੁਤ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਅਜਿਹੇ ਹਮਲਿਆਂ ਨਾਲ ਅੰਦੋਲਨ ਸਿਰਫ਼ ਮਜ਼ਬੂਤ ਹੀ ਹੋਵੇਗਾ। ਭਾਜਪਾ-ਆਰਐੱਸਐੱਸ ਨਾਲ ਜੁੜੀਆਂ ਕਿਸਾਨ ਵਿਰੋਧੀ ਸ਼ਕਤੀਆਂ ਨੇ ਖੁਦ ਵਿਰੋਧ ਕਰ ਰਹੇ ਕਿਸਾਨਾਂ ’ਤੇ ਹੁਣ ਤੱਕ ਕਈ ਤਰ੍ਹਾਂ ਦੇ ਲੇਬਲ ਲਾਉਣ ਦੀ ਕੋਸ਼ਿਸ਼ ਕੀਤੀ ਹੈ।

ਕਿਸਾਨ ਆਗੂ ਜੋਗਿੰਦਰ ਸਿੰਘ ਪਟਿਆਲਾ ਨੇ ਯੂਪੀ ਦੇ ਆਗੂਆਂ ਵੱਲੋਂ ਕਿਸਾਨਾਂ ਨੂੰ ਕਾਰਟੂਨਾਂ ਰਾਹੀਂ ਬਦਨਾਮ ਕਰਨ ਦੀ ਵੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸੱਤਾਧਾਰੀਆਂ ਵੱਲੋਂ ਕਿਸਾਨਾਂ ਨੂੰ ਵਾਲਾਂ ਤੋਂ ਘਸੀਟਣ ਤੇ ‘ਡੀ-ਸਕਰੀਨਿੰਗ’ ਦੀ ਵੀ ਧਮਕੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਧਾਨ ਸਭਾ ਸਮੇਤ ਕਈ ਹੋਰ ਰਾਜਾਂ ਦੀਆਂ ਵਿਧਾਨ ਸਭਾਵਾਂ ’ਚ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਮਤੇ ਪਾਸ ਕੀਤੇ ਗਏ ਹਨ ਜਿਨ੍ਹਾਂ ਤੋਂ ਮੋਦੀ ਸਰਕਾਰ ਨੂੰ ਸਬਕ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੁੱਝ ਸਿਆਸੀ ਧਿਰਾਂ ਨੇ ਅੱਜ ਰਾਸ਼ਟਰਪਤੀ ਨੂੰ ਮੰਗ ਪੱਤਰ ਸੌਂਪ ਕੇ ਕਿਸਾਨੀ ਮੰਗਾਂ ਵੱਲ ਧਿਆਨ ਦੇਣ ਲਈ ਕਿਹਾ ਹੈ ਅਤੇ ਉਮੀਦ ਹੈ ਕਿ ਰਾਸ਼ਟਰਪਤੀ ‘ਸਾਂਝੇ ਵਿਅਕਤੀ’ ਵਜੋਂ ਉਕਤ ਮੰਗਾਂ ਬਾਰੇ ਕਦਮ ਉਠਾਉਣਗੇ।

ਮੋਰਚੇ ਨੇ ਅੱਜ ਦਾਅਵਾ ਕੀਤਾ ਕਿ ਉਨ੍ਹਾਂ ਦਾ ਅੰਦੋਲਨ ਕਿਸਾਨਾਂ ਦੀ ਸਚਾਈ ’ਤੇ ਆਧਾਰਿਤ ਹੈ ਅਤੇ ਉਹ ਜ਼ਰੂਰ ਜਿੱਤਣਗੇ। ਉੱਤਰ ਪ੍ਰਦੇਸ਼ ਵਿੱਚ ਕਿਸਾਨਾਂ ਵੱਲੋਂ ਯਮੁਨਾ ਐਕਸਪ੍ਰੈੱਸਵੇਅ ਉੱਤੇ ਮਥੁਰਾ ਦੇ ਨੇੜੇ ਇੱਕ ਟੋਲ ਪਲਾਜ਼ਾ ਦੇ ਕਈ ਗੇਟ ਖਾਲੀ ਕਰ ਦਿੱਤੇ ਗਏ ਹਨ।

## ਡਿਸਕਸ ਥਰੋਅ 'ਚ ਕਮਲਪ੍ਰੀਤ ਦਾ ਸ਼ਾਨਦਾਰ ਪ੍ਰਦਰਸ਼ਨ, ਫਾਈਨਲ 'ਚ ਪਹੁੰਚੀ




ਪੰਜਾਬ ਦੀ ਕਮਲਪ੍ਰੀਤ ਕੌਰ ਨੇ ਟੋਕੀਓ ਉਲੰਪਿਕਸ ਵਿਚ ਡਿਸਕਸ ਥਰੋਅ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਉਸ ਨੇ ਫਾਈਨਲ ਵਿਚ ਜਗ੍ਹਾ ਬਣਾ ਲਈ ਹੈ। ਕਮਲਪ੍ਰੀਤ ਨੇ ਤੀਜੀ ਕੋਸ਼ਿਸ਼ ਵਿਚ 64 ਮੀਟਰ ਦੀ ਥਰੋਅ ਨਾਲ ਫਾਈਨਲ ਵਿਚ ਪ੍ਰਵੇਸ਼ ਕੀਤਾ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਟਵੀਟ ਕਰ ਕੇ ਇਕ ਤਸਵੀਰ ਸਾਂਝੀ ਕੀਤੀ ਗਈ ਜਿਸ ਵਿਚ ਉਨ੍ਹਾਂ ਨੇ ਦੱਸਿਆ ਕਿ ਪ੍ਰਕਾਸ਼ ਸਿੰਘ ਬਾਦਲ ਕਮਲਪ੍ਰੀਤ ਕੌਰ ਨੂੰ ਟੋਕੀਓ ਉਲੰਪਿਕ ਵਿਚ 64.00 ਥ੍ਰੋ ਦੇ ਨਾਲ ਡਿਸਕਸ ਥ੍ਰੋ ਦੇ ਫਾਈਨਲ ਲਈ ਕੁਆਲੀਫਾਈ ਕਰਦੇ ਵੇਖ ਕੇ ਬਹੁਤ ਖੁਸ਼ ਹੋਏ। ਉਨ੍ਹਾਂ ਨੇ ਕਮਲਪ੍ਰੀਤ ਕੌਰ ਨੂੰ ਪੰਜਾਬ ਵਲੋਂ ਵਧਾਈਆਂ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ।ਲੰਬੀ ਹਲਕੇ ਦੇ ਪਿੰਡ ਕਬਰਵਾਲਾ ਦੀ ਖਿਡਾਰੀ ਕਮਲਪ੍ਰੀਤ ਕੌਰ ਬੱਲ ਨੇ ਡਿਸਕਸ ਥਰੋਅ 'ਚ ਫਾਈਨਲ ਵਿਚ ਪ੍ਰਵੇਸ਼ ਕਰ ਕੇ ਆਪਣੇ ਵਜੂਦ ਨੂੰ ਦਰਸਾ ਦਿੱਤਾ। ਉਸ ਦਾ ਥਰੋਅ 64 ਮੀਟਰ ਰਿਹਾ।

## ਭਾਰਤੀ ਮਹਿਲਾ ਹਾਕੀ ਟੀਮ ਕੁਆਰਟਰ ਫਾਇਨਲ ‘ਚ ਪੁੱਜੀ, ਆਸਟ੍ਰੇਲੀਆ ਨਾਲ ਹੋਵੇਗਾ ਮੁਕਾਬਲਾ

**ਨਵੀਂ ਦਿੱਲੀ।** ਭਾਰਤੀ ਮਹਿਲਾ ਹਾਕੀ ਟੀਮ ਨੇ ਟੋਕੀਓ ਓਲੰਪਿਕ ਦੇ ਕੁਆਰਟਰ ਫਾਈਨਲ ਵਿੱਚ ਜਗ੍ਹਾ ਬਣਾ ਲਈ ਹੈ। ਉਨ੍ਹਾਂ ਨੇ ਪਹਿਲਾਂ ਆਪਣੇ ਪੂਲ ਏ ਮੈਚ ਵਿੱਚ ਦੱਖਣੀ ਅਫਰੀਕਾ ਨੂੰ 4-3 ਨਾਲ ਹਰਾਇਆ, ਜਿਸ ਤੋਂ ਬਾਅਦ ਉਨ੍ਹਾਂ ਦੀਆਂ ਉਮੀਦਾਂ ਬ੍ਰਿਟੇਨ ਦੀ ਜਿੱਤ ਉੱਤੇ ਟਿਕੀਆਂ ਹੋਈਆਂ ਹਨ। ਬ੍ਰਿਟੇਨ ਦੀ ਮਹਿਲਾ ਟੀਮ ਨੇ ਵੀ ਆਇਰਲੈਂਡ ਦੇ ਖਿਲਾਫ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 2-0 ਦੀ ਜਿੱਤ ਦਰਜ ਕੀਤੀ। ਬ੍ਰਿਟਿਸ਼ ਟੀਮ ਦੀ ਜਿੱਤ ਨਾਲ ਭਾਰਤੀ ਮਹਿਲਾ ਹਾਕੀ ਟੀਮ ਦਾ ਕੁਆਰਟਰ ਫਾਈਨਲ ਵਿੱਚ ਸਥਾਨ ਪੱਕਾ ਹੋ ਗਿਆ। ਭਾਰਤੀ ਮਹਿਲਾ ਹਾਕੀ ਟੀਮ ਨੇ ਪੂਲ ਏ ਵਿੱਚ ਦੱਖਣੀ ਅਫਰੀਕਾ ਨੂੰ 4-3 ਨਾਲ ਹਰਾਇਆ। ਇਸ ਦਾ ਕੁਆਰਟਰ ਫਾਈਨਲ ਮੈਚ 2 ਅਗਸਤ ਨੂੰ ਆਸਟਰੇਲੀਆ ਵਿਰੁੱਧ ਖੇਡਿਆ ਜਾਵੇਗਾ। ਦੂਜੇ ਕੁਆਰਟਰ ਫਾਈਨਲ ਵਿੱਚ ਨੀਦਰਲੈਂਡ ਅਤੇ ਨਿਊਜ਼ੀਲੈਂਡ ਇੱਕ ਦੂਜੇ ਨਾਲ ਭਿੜਨਗੇ, ਜਦੋਂ ਕਿ ਸਪੇਨ ਦਾ ਮੁਕਾ-ਬਲਾ ਬ੍ਰਿਟੇਨ ਨਾਲ ਹੋਵੇਗਾ। ਸੈਮੀਫਾਈਨਲ 'ਚ ਪ੍ਰਵੇਸ਼ ਲਈ ਜਰਮਨੀ ਦਾ ਸਾਹਮਣਾ ਅਰਜਨਟੀਨਾ ਦੀ ਮਹਿਲਾ ਟੀਮ ਨਾਲ ਹੋਵੇਗਾ। ਪੂਲ-ਏ ਦੇ ਆਪਣੇ ਆਖਰੀ ਲੀਗ ਮੈਚ ਵਿੱਚ, ਭਾਰਤੀ ਮਹਿਲਾ ਟੀਮ ਨੇ ਦੱਖਣੀ ਅਫਰੀਕਾ ਦੇ ਖਿਲਾਫ ਸ਼ਾਨਦਾਰ ਪ੍ਰਦਰਸ਼ਨ ਕੀਤਾ। ਭਾਰਤ ਲਈ




ਵੰਦਨਾ ਕਟਾਰੀਆ ਨੇ ਤਿੰਨ ਗੋਲ ਕੀਤੇ ਅਤੇ ਇੱਕ ਗੋਲ ਨੇਹਾ ਗੋਇਲ ਨੇ ਕੀਤਾ। ਵੰਦਨਾ ਕਟਾਰੀਆ ਓਲੰਪਿਕ ਮੈਚ ਵਿੱਚ ਹੈਟ੍ਰਿਕ ਬਣਾਉਣ ਵਾਲੀ ਪਹਿਲੀ ਭਾਰਤੀ ਮਹਿਲਾ ਖਿਡਾਰਨ ਬਣ ਗਈ ਹੈ। ਵੰਦਨਾ ਨੇ ਪਹਿਲੇ ਕੁਆਰਟਰ ਦੇ ਚੌਥੇ ਮਿੰਟ ਵਿੱਚ ਗੋਲ ਕਰ ਦਿੱਤਾ। ਹਾਲਾਂਕਿ, ਦੱਖਣੀ ਅਫਰੀਕਾ ਨੇ ਪਹਿਲੇ ਕੁਆਰਟਰ ਦੇ ਆਖਰੀ ਪਲਾਂ ਵਿੱਚ ਬਰਾਬਰੀ ਦਾ ਗੋਲ ਕੀਤਾ।

OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL — WEB PRESENCE PROVIDER
SmartBrainz EXPLORE. CHOOSE. BUY. — TECHNOLOGY PROVIDER
WORLD NEWS PUNJABI NETWORK — NEWS & MEDIA PARTNER
ADVERTISE WITH US
+91 98155 88388
worldpunjabinews@gmail.com

ਕਹਾਣੀ

# ਪੱਥਰ ਪਿਘਲ ਗਿਆ..



ਯਾਤਰੀ ਰੇਲ ਗੱਡੀ ਸਟੇਸ਼ਨ 'ਤੇ ਮਿੰਟ ਕੁ ਲਈ ਰੁਕੀ। ਤਾਰੋ ਪਿੰਕੀ ਅਤੇ ਪੱਪੂ ਨੂੰ ਲੈ ਕੇ ਸਾਮਾਨ ਸਮੇਤ ਮਸਾਂ ਚੜ੍ਹ ਸਕੀ। ਬੱਚਿਆਂ ਦੇ ਗਲਾਂ 'ਚ ਆਪਣੇ-ਆਪਣੇ ਕਿਤਾਬਾਂ ਦੇ ਬੈਗ ਸਨ। ਸਕੂਲ 'ਚ ਗਰਮੀਆਂ ਦੀਆਂ ਛੁੱਟੀਆਂ ਹੋਣ ਕਾਰਨ ਉਹ ਆਪਣੇ ਨਾਨਕੀਂ ਡੇਰੇ ਲਾਉਣ ਜਾ ਰਹੇ ਸਨ। ਬੇਸ਼ੱਕ ਉਹਦਾ ਫੌਜੀ ਪਤੀ-ਪਰਮੇਸ਼ਵਰ ਬਹਾਦੁਰ ਸਿੰਘ ਨਾਲ ਸੀ, ਪਰ ਉਹ ਖੁਦ ਨੂੰ ਮਸਾਂ ਚੜ੍ਹਿਆ ਸੀ। ਉਂਜ ਦੇਖਣ ਨੂੰ ਜਵਾਨ, ਲੰਮ-ਸਲੰਮਾ, ਸੋਹਣਾ-ਸਨੁੱਖਾ ਸੀ। ਫੌਜ ਤੋਂ ਛੇਤੀ ਰਿਟਾਇਰ ਹੋ ਕੇ ਆ ਗਿਆ ਸੀ। ਤਾਰੋ ਨੇ ਆਪਣੇ ਸਾਮਾਨ ਵਗੈਰਾ ਸੈਟ ਕਰਕੇ ਬੱਚਿਆਂ ਨੂੰ ਥਾਉਂ-ਥਾਈ ਬਿਠਾ ਦਿੱਤਾ। ਉੱਧਰ ਫੌਜੀ ਸਾਬ੍ਹ ਸੀਟ 'ਤੇ ਬਹਿਣ ਦੀ ਬਜਾਏ ਬੂਹੇ ਵਿੱਚ ਅੜ ਕੇ ਖੜ੍ਹਨ 'ਚ ਆਪਣੀ ਜ਼ਿਆਦਾ ਸ਼ਾਨ ਸਮਝਦੇ ਸੀ।

ਤਾਰੋ ਨੇ ਬੈਠਦੇ ਸਾਰ ਆਪਣੇ ਬੈਗ ਖੋਲ੍ਹਿਆ। ਤੇਲ, ਕਰੀਮ, ਕੰਘੀ, ਪਾਣੀ ਵਗੈਰਾ ਆਪਣੇ ਸਾਹਮਣੇ ਟਿਕਾਇਆ। ਪਹਿਲਾਂ ਕੁੜੀ ਦਾ ਮੂੰਹ ਆਪਣੇ ਵੱਲ ਕਰਕੇ ਉਹਨੂੰ ਸਿੱਧਾ ਕੀਤਾ। ਥੋੜ੍ਹਾ ਤੇਲ, ਪਾਣੀ ਵਾਲਾਂ 'ਚ ਲਾਇਆ। ਕੰਘੀ ਨਾਲ ਵਾਲ ਵਾਹੁਣ ਉਪਰੰਤ ਰਿਬਨ, ਸੂਈਆਂ ਲਾਈਆਂ। ਫਿਰ ਚਿਹਰੇ 'ਤੇ ਥੋੜ੍ਹੀ ਕਰੀਮ ਮਲੀ। ਇੰਜ ਪਿੰਕੀ ਨੂੰ ਫੁੱਲ ਜਿਹਾ ਬਣਾ ਕੇ ਖਿੜਕੀ ਅੱਗੇ ਬਿਠਾ ਦਿੱਤੀ। ਫਿਰ ਉਹਨੇ ਛੋਟੇ ਪੱਪੂ ਦੀ ਵਾਰੀ ਲਾਈ। ਸੀਟ ਉਤੇ ਟੱਪਦੇ ਨੂੰ ਮਸਾਂ ਕਾਬੂ ਕਰਕੇ ਸਾਹਮਣੇ ਬਿਠਾਇਆ। ਰੋਂਦਾ-ਕੁਰਲਾਉਂਦਾ ਮਸਾਂ ਸਿੱਧਾ ਹੋਇਆ। ਰੇਲ ਗੱਡੀ ਸੁਵਖਤੇ ਆਉਣ ਕਰਕੇ ਤਾਰੋ ਨੂੰ ਬੱਚੇ ਤਿਆਰ ਕਰਨ ਦਾ ਸਮਾਂ ਨਹੀਂ ਸੀ ਮਿਲਿਆ। 'ਪਰਮੇਸ਼ਵਰ' ਦੇ ਖੱਪਖਾਨੇ ਨੇ ਵੱਖਰਾ ਪਰੇਸ਼ਨ ਕੀਤਾ। ਫਿਰ ਸਵੇਰੇ-ਸਵੇਰੇ ਉੱਠ ਕੇ ਹੋਰ ਭੱਜ-ਨੱਠ ਅਲੱਗ। ਗੋਹਾ-ਕੂੜਾ ਕਰ, ਪੱਠੇ ਪਾ। ਖਾਣਾ ਤਿਆਰ ਕਰਨਾ, ਦੁੱਧ ਚੋਣਾ, ਰਿੜਕਣਾ, ਘਰ ਦੇ ਹੋਰ ਛੱਤੀ ਕੰਮ ਉਹਦੇ ਜ਼ਿੰਮੇ ਸਨ। ਕਿਤੇ ਅਚਾਨਕ ਤਾਰੋ ਦੀ ਨਿਗਾਹ 'ਪਰਮੇਸ਼ਵਰ ਜੀ' ਵੱਲ ਘੁੰਮੀ ਜੋ ਅੱਧਾ ਕੁ ਬੂਹੇ ਦੇ ਬਾਹਰ ਨੂੰ ਝੁਕਿਆ ਹੋਇਆ ਸੀ।

''ਮੈਂਖਿਆਂ ਜੀ! ਐਧਰ ਆ ਕੇ ਬੈਠ ਜਾਉ, ਖਾਲੀ ਸੀਟ 'ਤੇ, ਹੱਥ ਛੁੱਟ ਜਾਊ।'' ਤਾਰੋ ਨੇ ਡਰਦਿਆਂ-ਡਰਦਿਆਂ ਅਰਜ਼ ਗੁਜ਼ਾਰੀ।

ਫੌਜੀ ਨੇ ਉੱਪਰ ਨੂੰ ਹੁੰਦਿਆਂ ਉਹਦੇ ਵੱਲ ਕੌੜ ਮੱਝ ਵਾਂਗ ਝਾਕਿਆ।

''ਇਹ ਫੌਜੀ ਹੱਥ ਆ, ਕਿੱਦਾਂ ਛੁੱਟ ਜਾਊ? ਨਾਲੇ ਤੈਨੂੰ ਕਿਉਂ ਤਕਲੀਫ ਹੋਈ ਆ? ਹੱਥ ਮੇਰਾ, ਜਾਨ ਮੇਰੀ, ਤੇਰਾ ਕੀ? ਨਾਲੇ ਮੈਂ ਜਾਣਦਾਂ ਬਹੁਤੀ ਫਿਕਰਾਂ ਆਲੀ ਨੂੰ। ਮੇਰਾ ਮੂੰਹ ਨਾ ਖੁਲ੍ਹਾ।'' ਉਹ ਵਿਚਾਰੀ ਥਾਏ ਸੀਤ ਪੀ ਗਈ। ਮੁੜ ਉਹਦਾ ਧਿਆਨ ਪੱਪੂ 'ਤੇ ਕੇਂਦਰਿਤ ਹੋ ਗਿਆ।

''ਕਮਜ਼ਾਤ.. .. ..'' ਕਹਿ ਕੇ ਤਾਕੀ ਦੇ ਨਾਲ ਵਾਲੀ ਸੀਟ 'ਤੇ ਬਹਿ ਗਿਆ। ਅਸਿੱਧੇ ਤਰੀਕੇ ਨਾਲ ਆਪਣੇ ਕੰਨ ਫੜ ਕੇ ਉਂਜ ਉਹਨੇ ਤਾਰੋ ਦੇ ਕਹੇ ਦਾ ਅਸਰ ਵੀ ਕਰ ਲਿਆ। ਸ਼ਾਇਦ ਉਹਦੇ ਅੰਦਰਲੇ ਇਨਸਾਨ ਨੇ ਫੌਜੀ ਅੜਬਾਈ ਛੱਡਣ ਲਈ ਮਨਾ ਲਿਆ ਸੀ। ਸੀਟ 'ਤੇ ਬੈਠਦਿਆਂ ਉਹਦੀ ਸ਼ਰਾਬ ਦੀ ਹਵਾੜ ਸਾਰੇ ਡੱਬੇ 'ਚ ਫੈਲ ਗਈ।

ਆਲੇ-ਦੁਆਲੇ ਬੈਠੀਆਂ ਸਵਾਰੀਆਂ ਨੂੰ ਫੌਜੀ ਦੀ ਇਹ ਹਰਕਤ ਚੁਭੀ। ਫਿਰ ਵੀ ਉਨ੍ਹਾਂ ਮਨ ਹੀ ਮਨ ਸੋਚਿਆ ਕਿ ਚਲੋ ਦੇਰ ਆਏ ਦਰੁਸਤ ਆਏ। ਹਾਲਾਂਕਿ ਤਾਰੋ ਦੇ ਚਿਹਰੇ ਤੋਂ ਕੋਈ ਸ਼ਿਕਵਾ ਵੀ ਨਹੀਂ ਸੀ ਝਲਕਦਾ। ਬੱਚਿਆਂ ਤੋਂ ਬਾਅਦ ਉਹ ਓਹਲਾ ਜਿਹਾ ਕਰਕੇ ਖੁਦ ਨੂੰ ਸੰਵਾਰਨ 'ਚ ਮਗਨ ਹੋ ਗਈ। ਪਤੀ ਦੇ ਕਹੇ ਦਾ ਉਹਨੂੰ ਕਾਹਦਾ ਗਿਲਾ, ਕਿਉਂ ਜੋ ਇਹਦੇ ਨਾਲ ਇਹ ਘਟੀਆ 'ਫੌਜੀ-ਡਰਾਮਾ' ਨਿੱਤ ਚਲਦਾ ਸੀ। ਡੱਬੇ 'ਚ ਬੈਠੀਆਂ ਸਵਾਰੀਆਂ ਲਈ ਇਹ ਨਵਾਂ ਸੀ। ਉਹ ਹੈਰਾਨ-ਪ੍ਰੇਸ਼ਾਨ ਹੋਈਆਂ ਘੁਸਰ-ਘੁਸਰ ਕਰ ਰਹੀਆਂ ਸਨ।

''ਹੈਂ! ਇਹ ਸਵੇਰੇ-ਸਵੇਰੇ ਡੱਫ ਕੇ ਚੜ੍ਹਿਆ ਹੋਇਆ।'' ਇੱਕ ਅੱਧਖੜ੍ਹ ਜਿਹੀ ਜ਼ਨਾਨੀ ਨੇ ਨਾਲ ਵਾਲੀ ਦੇ ਕੰਨ 'ਚ ਘੁਸਰ-ਮੁਸਰ ਕੀਤੀ।

''ਵੈਸੇ ਉਹਨੇ ਵਿਚਾਰੀ ਨੇ ਗੱਲ ਇਹਦੇ ਭਲੇ ਦੀ ਕਹੀ ਸੀ, ਇਹਦੇ ਪਤਾ ਨਈ ਕਿਉਂ ਲੜ ਗਈ।'' ਨਾਲ ਵਾਲੀ ਨੇ ਹੁੰਗਾਰਾ ਭਰਿਆ।

''ਪਰ ਜ਼ਮਾਨਾ ਭਾਈ ਭਲੇ ਦਾ ਨਈ। ਆਹ ਦੇਖ ਲਉ, ਚੰਗੀ ਭਲੀ ਗੱਲ ਨੂੰ ਪੁੱਠਾ ਪਾਈ ਜਾ ਰਿਹਾ।'' ਨਾਲ ਬੈਠੇ ਬਜ਼ੁਰਗ ਨੇ ਜ਼ਨਾਨੀਆਂ ਦੀ ਹਾਂ 'ਚ ਹਾਂ ਮਿਲਾਈ।.. ਫੇਰ ਆਪੇ ਇਹ ਕਹਿ ਕੇ ਗੱਲ ਖਤਮ ਕਰਨੀ ਚਾਹੀ, ''ਛੱਡੋ ਦਫਾ ਕਰੋ, ਇਹਦੀਆਂ ਇਹ ਜਾਣੇ। ਇੱਦਾਂ ਦੇ ਬੰਦੇ ਨੂੰ ਸਮਝਾਉਣਾ ਵੀ ਮੰਢਾਲੀਆਂ ਦੇ ਖੱਪਰ ਨੂੰ ਛੇੜਨ ਵਾਲੀ ਗੱਲ ਆ।'' ਇੰਜ ਕਹਿਣ ਲੱਗਿਆਂ ਉਹਨੇ ਆਵਾਜ਼ ਹੋਰ ਧੀਮੀ ਕਰ ਲਈ।

ਫੇਰ ਕਿਤੇ ਅਚਾਨਕ ਤਾਰੋ ਕੋਲੋਂ ਫੌਜੀ ਵੱਲ ਟੇਢਾ ਜਿਹਾ ਝਾਕਿਆ ਗਿਆ। ਉਹਨੇ ਜਿਉਂ ਪਹਿਲਾਂ ਹੀ ਨਿਗਾਹ ਉਸ ਉੱਤੇ ਗੱਡੀ ਹੋਈ ਸੀ। ''ਖੋਲ੍ਹਾਂ ਜੁੱਤੀ? ਟੇਢਾ-ਟੇਢਾ ਝਾਕਦੀ ਆ।'' ਫੌਜੀ ਹੱਥ ਆਏ ਮੌਕੇ ਨੂੰ ਖੁੰਝਉਣਾ ਨਹੀਂ ਸੀ ਚਾਹੁੰਦਾ। ਉਹ ਬਿਨਾਂ ਬੁਲਾਏ ਛਿੜ ਪਿਆ। ''ਸੌ ਮਾੜੀਆਂ ਜ਼ਨਾਨੀਆਂ ਜਿੰਨੀ ਇਹ ਕੱਲੀ ਆ।'' ਜਿਵੇਂ ਉਹ ਸਾਰੇ ਡੱਬੇ ਨੂੰ ਸੰਬੋਧਨ ਕਰ ਰਿਹਾ ਹੋਵੇ, ''.. ਮੋਮੋਠਗਣੀ, ਮੱਕਾਰ ਜ਼ਨਾਨੀ।'' ''ਭਾਈ ਸਾਬ੍ਹ! ਇੱਕ ਮਿੰਟ ਬੁਰਾ ਨਾ ਮੰਨਿਓ। ਵੈਸੇ ਪਤੀ-ਪਤਨੀ ਦਾ ਤੁਹਾਡਾ ਮਸਲਾ ਐ, ਪਰ ਕਿਉਂ ਆਪਣੇ ਘਰ ਦੀ ਖੁਦ ਹੀ ਦਫਾ ਪੁਟਦੇ ਓ? ਇੱਦਾਂ ਤੇਰੀ ਕੋਈ ਸ਼ਾਨ ਨਈ ਬਣਦੀ। ਚਲੋ ਜੇ ਕੋਈ ਗੱਲ ਹੈ ਵੀ ਤਾਂ ਘਰ ਜਾ ਕੇ ਨਜਿੱਠ ਲਿਉ। ਉਹਨੇ ਵਿਚਾਰੀ ਨੇ ਤਾਂ ਤੁਹਾਨੂੰ ਅੱਧੀ ਨਾ ਸਾਰੀ..।'' ਬਜ਼ੁਗਰ ਨੇ ਠਰੰਮੇ ਜਿਹੇ ਨਾਲ ਫੌਜੀ ਨੂੰ ਸਮਝਾਉਣਾ ਚਾਹਿਆ।

''ਦੇਖ ਯਾਰ! ਕਿੰਨੇ ਸੋਹਣੇ ਤੇਰੇ ਲੁਟਣੇ ਜਿਹੇ ਨਿਆਣੇ ਆਂ। ਕੀ ਸੋਚਦੇ ਹੋਣਗੇ ਇਹ? ਕੱਲ੍ਹ ਨੂੰ ਵੱਡੇ ਹੋ ਕੇ ਇਹ।'' ਇੱਕ ਹੋਰ ਜਣੇ ਨੂੰ ਫੌਜੀ ਨੇ ਵਿਚਕਾਰੋਂ ਰੋਕ ਲਿਆ, ''ਕੌਣ ਨਿਆਣੇ, ਕਿਹਦੇ ਨਿਆਣੇ..?''

ਉਹਨੂੰ ਹੋਰ ਪਾਸੇ ਨੂੰ ਸਿੱਧਾ ਹੁੰਦਿਆਂ ਦੇਖ ਬਜ਼ੁਰਗ ਨੇ ਉਹਦੀ ਗੱਲ ਨੂੰ ਭਾਂਪਦਿਆਂ ਅੱਗੇ ਬੋਲਣ ਤੋਂ ਵਰਜਦਿਆਂ ਮੂੰਹ 'ਤੇ ਹੱਥ ਰੱਖਿਆ। ''ਭਾਈ ਸਾਬ੍ਹ! ਪਲੀਜ਼ ਅੱਗੇ ਨਾ ਬੋਲਿਉ, ਅਸੀਂ ਨਈ ਸੁਣ ਸਕਦੇ।'' ਬਜ਼ੁਗਰ ਨੇ ਐਤਕੀਂ ਹੱਥ ਹੀ ਜੋੜ ਦਿੱਤੇ।

ਫੌਜੀ ਨਿੰਮੋਝੂਣਾ ਜਿਹਾ ਹੋਇਆ ਚੁੱਪ ਹੋ ਗਿਆ। ਅਸਲ 'ਚ ਉਹ ਆਪਣੀ ਦੁੱਖਦੀ ਰਗ ਕਰਕੇ ਆਪਣੇ ਅੰਦਰ ਦੀ ਭੜਾਸ ਕੱਢਣਾ ਚਾਹੁੰਦਾ ਸੀ। ਉਹਦਾ ਇੱਕ ਭਰਾ ਸੀ ਤਾਰਾ। ਮਾੜੀ-ਮੋਟੀ ਖੇਤੀਬਾੜੀ ਕਰਦਾ ਸੀ। ਘਰ ਦੋ ਕੁ ਮੱਝਾਂ ਰੱਖ ਕੇ ਉਨ੍ਹਾਂ ਦਾ ਦੁੱਧ ਥੋੜ੍ਹਾ ਘਰ ਰੱਖ ਕੇ ਬਾਕੀ ਵੇਚ ਛੱਡਦਾ। ਫੌਜੀ ਵੱਡਾ ਹੋਣ ਕਰਕੇ ਤੇ ਦੂਜਾ ਨੌਕਰੀ ਕਾਰਨ ਉਹਦਾ ਵਿਆਹ ਹੋ ਗਿਆ। ਨਹੀਂ ਤਾਂ ਚਹੁੰ ਕਨਾਲਾਂ ਲਈ ਕਿਹੜਾ ਆਪਣੀ ਕੁੜੀ ਵਿਆਹੁੰਦਾ। ਫੌਜੀ ਨੇ ਬਾਰਾਂ ਕੁ ਸਾਲ ਮਸੀਂ ਨੌਕਰੀ ਕੀਤੀ ਹੋਣੀ। ਘਰ ਆ ਬੈਠਾ। ਕਿਸੇ ਨੂੰ ਪੁੱਛਿਆ ਨਾ ਦੱਸਿਆ।.. ਇਸ ਤੋਂ ਪਹਿਲਾਂ ਇੱਕ ਵਾਰ ਉਹਨੂੰ ਫੌਜ 'ਚੋਂ ਆਏ ਉਹਦੇ ਹੀ ਭਾਨੀਮਾਰ ਯਾਰ ਪ੍ਰੀਤ ਨੇ ਰਾਹ 'ਚ ਜਾਂਦੇ ਨੂੰ ਰੋਕ ਲਿਆ ਸੀ।

''ਯਾਰ! ਓਦਾਂ ਤਾਂ ਥੁਆਡੇ ਘਰ ਦੀ ਗੱਲ ਆ, ਕਰਦਾ ਚੰਗਾ ਵੀ ਨੀਂ ਲੱਗਦਾ, ਪਰ ਕੀ ਕਰਾਂ! ਯਾਰ ਨੂੰ ਦੱਸੇ ਬਿਨ੍ਹਾਂ ਸਬਰ ਵੀ ਨਈ ਆਉਂਦਾ। ਮਗਰੋਂ ਤਾਰੇ ਨਾਲ ਈ ਸਕੂਟਰ-ਮੋਟਰਸੈਕਲ 'ਤੇ ਉਹਦੇ ਮੋਢੇ ਛੇੜਦੀ ਰਹਿੰਦੀ ਆ। ਖੈਰ, ਚਲੋ ਅੰਦਰ ਜੋ ਮਰਜ਼ੀ ਖਿਚੜੀ ਪਕਾਈ ਜਾਣ, ਸੁਖ ਨਾਲ ਉਹਦਾ ਦਿਉਰ ਆ। ਅਖੇ ਦਿਉਰ ਭਾਬੀ ਦਾ ਗਹਿਣਾ। ਦਿਉਰ ਭਾਬੀ ਦਾ ਹੱਸਣਾ-ਖੇਡ ਚਲਦਾ, ਚੱਲੀ ਜਾਵੇ। ਨਾਲੇ ਬਈ ਤੂੰ ਐਤਕੀਂ ਆਇਆ ਵੀ ਪੰਜੀਂ ਸਾਲੀਂ ਆਂ। ਹੋਰ ਫੇਰ ਉਹ ਘੁੰਮੂ ਫਿਰ ਵੀ ਕੀਹਦੇ ਨਾਲ। ਨਾਲੇ ਕਹਿੰਦੇ ਹੁੰਦੇ ਆ ਜੇ ਕੰਧ ਆਪਣੇ ਵਿਹੜੇ ਵੱਲ ਡਿੱਗ ਪਵੇ ਤਾਂ ਗਿਲਾ ਨਈ ਕਰਨਾ ਚਾਹੀਦਾ ਚਲੋ, ਪਰ ਥੋੜ੍ਹਾ ਜੱਗ-ਰੱਬ ਦਾ ਖਿਆਲ ਰੱਖਣ, ਬਾਕੀ ਹੋਰ ਓਦਾਂ ਭਰਾਮਾਂ ਦਾ ਕੀ ਵੰਡਿਆ ਹੁੰਦਾ।.. ਵੈਸੇ ਗੱਲ ਕੋਈ ਨਈ, ਤੂੰ ਤਰੀਕੇ ਨਾਲ ਕੰਨੋਂ ਕੱਢ ਸਕਦਾਂ। ਹੋਰ ਦੂਜੇ ਦਾ ਮਤਲਬ ਕੋਈ ਨਈ ਇਸ ਗੱਲ ਨਾਲ।.. ਬੱਸ ਆਹੀ ਨਿੱਕੀ ਗੱਲ ਸੀ। ਮੈਂ ਬੜੇ ਦਿਨਾਂ ਦਾ ਸੋਚਦਾ ਸੀ ਕਿ ਕਰਾਂ ਕਿ ਨਾ, ਪਰ ਅੱਜ ਫੇ ਮੇਰੇ ਕੋਲੋਂ ਕਰ ਹੋਗੀ, ਰਿਹਾ ਨਈ ਗਿਆ। ਓਦਾਂ ਮੈਨੂੰ ਸ਼ੱਕ ਵੀ ਕੋਈ ਨਈ ਤੇ ਇਤਰਾਜ਼ ਵੀ ਕੋਈ ਨਈ।.. ਚੰਗਾ ਫੇ, ਮਾਈਂਡ ਨਾ ਕਰੀਂ ਮੇਰੀ ਗੱਲ, ਆਪਣਾ ਸਮਝ ਕੇ ਕੀਤੀ ਏ।'' ਪ੍ਰੀਤੂ ਫੌਜੀ ਨੂੰ ਥਾਪੀ ਜਿਹੇ ਤੁਰ ਗਿਆ। ਪ੍ਰੀਤੂ ਦੀ ਸੁੱਟੀ ਚੰਗਿਆੜੀ ਨੇ ਪਲਾਂ 'ਚ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ। ਚੰਗਿਆੜੀ ਨੂੰ ਭਾਂਬੜ ਬਣਦਿਆਂ ਦੇਰ ਨਾ ਲੱਗੀ। ਫੌਜੀ ਕਦੀ-ਕਦਾਈ ਪੈਗ ਲਾਉਂਦਾ ਸੀ, ਲਾਏ ਦਾ ਪਤਾ ਨਹੀਂ ਸੀ ਚਲਦਾ। ਉਸੇ ਦਿਨ ਤੋਂ ਅੰਦਰ ਗਈ ਪਰੀ ਸਿਰ ਚੜ੍ਹ ਬੋਲਣ ਲੱਗ ਪਈ। ਸਾਰਾ ਦਿਨ ਘਰ ਨਾ ਗਿਆ। ਰਾਤ ਗਿਆਰਾਂ ਵਜੇ ਜਾ ਦਰਵਾਜ਼ਾਂ ਭੰਨਿਆ, ''ਕਿਹੜਾ ਆ ਉਏ ਤਾਰਾ ਨਾਲੇ ਚੰਦ, ਚਮਕ ਕੇ ਦਿਖਾਏ ਮੇਰੇ ਸਾਹਮਣੇ।.. ਨਾਲੇ ਕਿੱਥੇ ਆ ਜਿਹੜੀ ਮੇਰੇ ਮਗਰੋਂ ਉਹਦੇ ਨਾਲ ਅੱਖਾਂ ਮਟਕਾਉਂਦੀ ਫਿਰਦੀ ਏ।'' ਉਹ ਤਾਂ ਕੁਦਕਤੀ ਤਾਰਾ ਹਵੇਲੀ ਸੁੱਤਾ ਪਿਆ ਸੀ ਤਾਂ ਬਚਾਅ ਹੋ ਗਿਆ।

''ਕਿਆ ਹੋਇਆ ਵੇ?.. ਕਦੇ ਅੱਗੇ ਨਾ ਪਿੱਛੇ, ਤੈਨੂੰ ਕੀ ਸੱਪ ਲੜ ਗਿਆ! ਕੀਹਨੇ ਲਾ ਤੀ ਤੈਨੂੰ ਚੁਆਤੀ?'' ਮਾਂ ਅੰਦਰੋਂ ਸੁੱਤ-ਉਨੀਂਦੀ ਜਿਹੀ ਗੁੱਸੇ 'ਚ ਭੜਕੀ।

''ਤੇਰੇ ਪੁਆੜੇ ਪਾਇਉ ਆ ਬੁੜ੍ਹੀਏ! ਮੈਂ ਦੇਖ ਲਿਆ।'' ਉਹ ਅੱਜ ਮਾਂ ਨਾਲ ਵੀ ਸਿੱਧਾ ਹੋ ਗਿਆ। ਜਿਸ ਨੇ ਕਦੇ ਮਾਂ ਜੀ ਤੋਂ ਬਿਨਾਂ ਗੱਲ ਨਹੀਂ ਸੀ ਕੀਤੀ, ਅੱਜ ਉਹ ਉਹਦੇ ਲਈ ਬੁੜ੍ਹੀ ਹੋ ਗਈ ਸੀ। ਮਾਂ ਤਾਂ ਵਿਚਾਰੀ ਸਿਰ ਫੜ ਕੇ ਬਹਿ ਗਈ। ਬੱਸ, ਉਹ ਦਿਨ ਸੋ ਦਿਨ, ਓਹੀ ਫੌਜੀ ਰਾਤ-ਦਿਨ ਸ਼ਰਾਬੀ ਰਹਿਣ ਲੱਗਾ। ਉਸ ਤੋਂ ਬਾਅਦ ਇੱਕ ਵਾਰ ਫੌਜ 'ਚ ਵਾਪਸ ਗਿਆ। ਉਦੋਂ ਪਤਾ ਲੱਗਾ ਜਦ ਪੈਨਸ਼ਨ ਲੈ ਕੇ ਘਰ ਆ ਬੈਠਾ। ਉਦੋਂ ਤੋਂ ਬਾਕੀਆ ਦਾ ਘਰ 'ਚ ਰਹਿਣਾ ਮੁਸ਼ਕਿਲ ਹੋ ਗਿਆ। ਮਾਂ ਅਤੇ ਤਾਰੇ ਨੇ ਰੋਜ਼-ਰੋਜ਼ ਦੇ ਕਲੇਸ਼ ਤੋਂ ਅੱਕਿਆਂ ਆਪਣੇ-ਆਪ ਨੂੰ ਵੱਖ ਕਰ ਲਿਆ। ਫਸ ਗਈ ਸੀ ਵਿਚਾਰੀ ਤਾਰੋ। ਨਿਆਣਿਆਂ ਨੂੰ ਲੈ ਕੇ ਉਹ ਕਿੱਥੇ ਚਲੀ ਜਾਂਦੀ। ਪਿੱਛੇ ਪੇਕੀਂ ਵੀ ਭਰਾ-ਭਰਜਾਈ ਸਨ। ਸਿਆਣੇ ਮਾਂ-ਪਿਉ ਨੂੰ ਉਹ ਨਈ ਸੀ ਪੁੱਛਦੇ। ਉਹਦਾ ਭਾਰ ਉਨ੍ਹਾਂ ਕਿੱਥੋਂ ਚੁੱਕਣਾ ਸੀ। ਉਹ ਤਾਂ ਸਬਰ ਕਰ-ਕਰ ਕੇ ਐਸਾ ਬੁੱਤ ਬਣੀ ਕਿ 'ਦੋ ਪਈਆਂ ਵਿਸਰ ਗਈਆਂ' ਵਾਲੀ ਗੱਲ ਹੋ ਗਈ। ਬੱਸ, ਮੌਨ ਹੋਈ ਫੌਜੀ ਦੀਆਂ ਕੀਤੀਆਂ ਸਹੀ ਜਾਂਦੀ। ਰੇਲ ਗੱਡੀ ਦੌੜੀ ਜਾ ਰਹੀ ਸੀ। ਬੈਠੇ-ਬੈਠੇ ਦੇ ਫੌਜੀ ਦੇ ਦਿਮਾਗ 'ਚ ਫਿਰ ਪਤਾ ਨਹੀਂ ਕੀ ਆਇਆ, ਮੁੜ ਬੂਹੇ 'ਚ ਜਾ ਖੜ੍ਹਿਆ। ਦੁਖਦੀ ਰਗ ਉਹਨੂੰ ਟਿਕਣ ਨਹੀਂ ਸੀ ਦੇ ਰਹੀ। ਅੱਗੇ-ਪਿੱਛੇ ਨੂੰ ਝੂਮਣ ਲੱਗਾ। ਸਵਾਰੀਆਂ ਨੇ ਬਥੇਰਾ ਕਿਹਾ। ਵਾਰ-ਵਾਰ ਰੋਕਿਆ, ਪਰ ਉਹ ਟੱਸ ਤੋਂ ਮੱਸ ਨਾ ਹੋਵੇ, ਸਗੋਂ ਹੋਰ ਜ਼ੋਰ ਨਾਲ ਝੂਟਣ ਲੱਗ ਪਿਆ।

ਫਿਰ ਪਤਾ ਨਹੀਂ ਕਦੋਂ ਉਹਦੀ ਫੁੱਲ ਜਿਹੀ ਧੀ ਪਿੰਕੀ ਨੇ ਉਹਨੂੰ ਪਿੱਛਿਉਂ ਆਣ ਫੜਿਆ, ''ਪਾਪਾ! ਜੇ ਤੁਸੀਂ ਡਿੱਗ ਗਏ, ਮੈਂ ਪਾਪਾ ਕਿੱਥੋਂ ਲਊਂ? ਕੀਹਨੂੰ ਪਾਪ ਕਹੂੰ?'' ਕਹਿੰਦਿਆਂ ਉਹ ਹਟਕੋਰੇ ਭਰਨ ਲੱਗੀ।

ਫੌਜੀ ਨੂੰ ਜਿਵੇਂ ਕਰੰਟ ਜਿਹਾ ਝਟਕਾ ਲੱਗਾ। ਆਪਣੇ ਆਪ ਬੜਾ ਸੋਹਣਾ ਮੁੜ ਕੇ ਆਪਣੀ ਘਰਵਾਲੀ ਨਾਲ ਸੀਟ 'ਤੇ ਆ ਬੈਠਾ ਅਤੇ ਕੁੜੀ ਨੂੰ ਘੁੱਟ ਕੇ ਚੁੰਮਣ ਲੱਗ ਪਿਆ ਜਿਵੇਂ ਉਹਦੇ ਅੰਦਰਲਾ ਪਿਉ ਜਾਗ ਪਿਆ ਹੋਵੇ। ਸਾਰੀਆਂ ਸਵਾਰੀਆਂ ਪ੍ਰਸ਼ਨ ਚਿੰਨ੍ਹ ਜਿਹਾ ਬਣੀਆਂ ਦੇਖਦੀਆਂ ਰਹਿ ਗਈਆਂ।

## ਮਿੰਨੀ ਕਹਾਣੀ

### ਪੱਥਰ ਅਤੇ ਫੁੱਲ

-ਡਾ. ਮਨਜੀਤ ਸਿੰਘ ਬੱਲ

ਔਰਤਾਂ ਦੇ ਹੱਕਾਂ ਦੀ ਰਾਖੀ ਲਈ ਬਣੇ ਸੰਗਠਨ ਦੀ ਜ਼ਿਲ੍ਹਾ ਪ੍ਰਧਾਨ ਸ੍ਰੀਮਤੀ ਕਮਲਾ ਦੇਵੀ ਇੱਕ ਵੱਡੇ ਇੱਕਠ ਵਿੱਚ ਬੜਾ ਧੂੰਆਂਧਾਰ ਭਾਸ਼ਣ ਕਰ ਰਹੀ ਸੀ, ''ਮੇਰੀ ਭੈਣੋ ਤੇ ਪੰਜਾਬ ਦੀਓ ਧੀਓ, ਤੁਹਾਨੂੰ ਪਤਾ ਕਿ ਏਕੇ ਵਿੱਚ ਬੜੀ ਤਾਕਤ ਹੁੰਦੀ ਹੈ, ਜਿਹੜਾ ਵੀ ਸੰਗਠਨ ਇੱਕਮੁੱਠ ਹੋ ਕੇ ਆਪਣੇ ਹੱਕਾਂ ਲਈ ਜੂਝਦਾ ਹੈ, ਉਸ ਨੂੰ ਕਾਮਯਾਬੀ ਮਿਲ ਜਾਂਦੀ ਹੈ..। ਸਰਕਾਰ ਨੂੰ ਆਖਰ ਸਾਡੇ ਰਾਖਵੇਂਕਰਨ ਦੀ ਮੰਗ ਅੱਗੇ ਝੁਕਣਾ ਪੈਣਾ ਹੈ। ਇਹ ਹੱਕ ਅਸੀਂ ਲੈ ਕੇ ਹੀ ਰਹਿਣਾ ਹੈ।''

''ਮਹਿਲਾ ਸੰਗਠਨ ਜ਼ਿੰਦਾਬਾਦ..'' ''ਕਮਲਾ ਦੇਵੀ ਜ਼ਿੰਦਾਬਾਦ..'' ਦੇ ਨਾਅਰੇ ਗੂੰਜਣ ਲੱਗੇ।

ਕਮਲਾ ਦੇਵੀ ਨੇ ਭਾਸ਼ਣ ਜਾਰੀ ਰੱਖਦਿਆਂ ਕਿਹਾ, ''ਦਾਜ ਦੇ ਲੋਭੀ ਕੰਨ ਖੋਲ੍ਹ ਕੇ ਸੁਣ ਲੈਣ ਜਿਹੜਾ ਵਿਅਕਤੀ ਦਾਜ ਲਈ ਕਿਸੇ ਦੀ ਧੀ ਨੂੰ ਤੰਗ ਕਰੇਗਾ.. ਸਾਡਾ ਸੰਗਠਨ ਉਹਦੇ ਬੂਹੇ ਅੱਗੇ ਸਿਆਪਾ ਕਰੇਗਾ।'' ''ਕਮਲਾ ਦੇਵੀ ਜ਼ਿੰਦਾ-ਬਾਦ..'' ਨਾਅਰਾ ਫਿਰ ਗੂੰਜਿਆ।

''.. ਤੇ ਅੱਜ ਮੈਂ ਉਨ੍ਹਾਂ ਡਾਕਟਰਾਂ ਨੂੰ ਚੇਤਾਵਨੀ ਦੇਣਾ ਚਾਹੁੰਦੀ ਹਾਂ, ਜੋ ਅਲਟਰਾਸਾਊਂਡ ਰਿਪੋਰਟ ਵਿੱਚ ਦੱਸਦੇ ਨੇ ਕਿ ਗਰਭ ਵਿੱਚ ਲੜਕੀ ਹੈ ਜਾਂ ਲੜਕਾ.. ਤੇ ਉਹ ਡਾਕਟਰ, ਜੋ ਭਰੂਣ ਅੰਦਰ ਲੜਕੀ ਹੋਣ 'ਤੇ ਗਰਭਪਾਤ ਕਰਦੇ ਨੇ, ਸਾਡਾ ਸੰਗਠਨਾ ਐਸੇ ਡਾਕਟਰਾਂ ਵਿਰੁੱਧ ਵੀ ਲੜਾਈ ਲੜੇਗਾ।''

ਗੂੰਜਦੇ ਨਾਅਰਿਆਂ ਵਿੱਚ ਕਮਲਾ ਦੇਵੀ ਨੇ ਆਪਣਾ ਭਾਸ਼ਣ ਖਤਮ ਕੀਤਾ। ਜੋਸ਼ੀਲੇ ਭਾਸ਼ਣ ਨਾਲ ਥੱਕੀ ਹੋਈ ਉਹ ਘਰ ਪੁੱਜ ਕੇ ਆਰਾਮ ਨਾਲ ਲੇਟ ਗਈ।

''ਝਾਈ ਜੀ ਚਾਹ ਲਿਆਵਾਂ?'' ਆਗਿਆਕਾਰੀ ਪੁੱਤਰ ਅਨਿਲ ਨੇ ਕਮਲਾ ਦੇਵੀ ਲੱਤਾਂ ਘੁੱਟਦਿਆਂ ਪੁੱਛਿਆ।

''ਤੇਰੀ ਵਹੁਟੀ ਨੂੰ ਤਾਂ ਏਨੀ ਅਕਲ ਵੀ ਨਹੀਂ ਕਿ ਮੈਂ ਬਾਹਰੋਂ ਆਈ ਆਂ.. ਕੋਈ ਪਾਣੀ ਧਾਣੀ ਜਾਂ ਚਾਹ ਈ ਪੁੱਛ ਲਵੇ।'' ਉਸ ਨੇ ਪੁੱਤਰ ਨੂੰ ਉਹਦੀ ਵਹੁਟੀ ਭੋਲੀ ਦੇ ਖਿਲਾਫ ਕਰਨ ਵਾਲੇ ਲਹਿਜੇ ਵਿੱਚ ਕਿਹਾ।

ਤੀਹ ਸਾਲਾ ਅਨਿਲ ਦੇ ਵਿਆਹ ਨੂੰ ਪੰਜ ਸਾਲ ਹੋਏ ਸਨ। ਉਹ ਪਿਓ ਨਾਲ ਕੱਪੜੇ ਦੇ ਕਾਰੋਬਾਰ ਵਿੱਚ ਸੀ, ਚੰਗੀ ਆਮਦਨ ਸੀ। ਵਿਆਹ ਤੋਂ ਸਾਲ ਬਾਅਦ ਹੀ ਇੱਕ ਕੰਨਿਆ ਜਨਮੀ ਤੇ ਅਗਲੇ ਸਾਲ ਦੂਜੀ ਬੇਟੀ ਨੇ ਜਨਮ ਲੈ ਲਿਆ। ਦੋਵੇਂ ਗੁੱਡੀਆਂ ਬਹੁਤ ਹੀ ਪਿਆਰੀਆਂ ਸਨ।

''ਝਾਈ ਜੀ.. ਕੱਲ੍ਹ ਮੈਂ ਭੋਲੀ ਨਾਲ ਡਾਕਟਰ ਆਂਟੀ ਕੋਲ ਗਿਆ ਸੀ..'' ਲੱਤਾਂ ਘੁੱਟਦਿਆਂ ਅਨਿਲ ਨੇ ਆਪਣੀ ਮਾਂ ਕਮਲਾ ਦੇਵੀ ਨਾਲ ਗੱਲ ਚਲਾਈ।

''ਅੱਛਾ.. ਕੀ ਕਹਿੰਦੀ ਸੀ ਡਾਕਟਰ ਆਂਟੀ..? ਐਤਕਾਂ ਵੀ ਕਿਤੇ ਪੱਥਰ ਈ ਤਾਂ ਨਹੀਂ ਸਾਡੇ ਕਰਮਾਂ ਵਿੱਚ?'' ਉਤਸੁਕਤਾ ਵਿੱਚ ਉਹ ਇਕੋ ਵਾਰੀ ਕਿੰਨੇ ਹੀ ਸਵਾਲ ਪੁੱਛ ਗਈ।

''ਆਂਟੀ ਕਹਿੰਦੀ ਸੀ ਕਿ ਡਾ. ਸ਼ਰਮਾ ਸਹੀ ਰਿਪੋਰਟ ਦਿੰਦੇ ਨੇ..। ਲਿਖ ਕੇ ਦੱਸਦੇ ਨੇ ਕਿ ਬੱਚਾ ਠੀਕ ਠਾਕ ਹੈ, ਪਰ ਕੰਨ ਵਿੱਚ ਦੱਸ ਦਿੰਦੇ ਨੇ ਕੁੜੀ ਹੈ ਕਿ ਮੁੰਡਾ..। ਜੇ ਤੁਸੀਂ ਕਹੋ ਤਾਂ ਅੱਜ ਅਲਟਰਾਸਾਊਂਡ ਕਰਾ ਈ ਲਿਆਵਾਂ?''

''ਹਾਂ ਬੇਟਾ, ਇਹ ਟੈਸਟ ਤਾਂ ਐਤਕੀਂ ਜ਼ਰੂਰ ਕਰਵਾਉਣਾ ਏ, ਮੈਂ ਸੁਣਿਐ ਬਈ ਡਾ. ਸ਼ਰਮਾ ਬੜਾ ਸਿਆਣਾ ਏ, ਉਹਦੀ ਰਿਪੋਰਟ ਠੀਕ ਹੁੰਦੀ ਏ.. ਰੱਬ ਨੇ ਪਹਿਲਾਂ ਈ ਦੋ ਪੱਥਰ ਦਿੱਤੇ ਹੋਏ ਨੇ.. ਐਤਕੀਂ ਫੁੱਲ ਦਾ ਮੂੰਹ ਦਿਖਾਵੇ..।''

''ਪਰ ਝਾਈ ਜੀ.. ਜੇ ਕੋਈ ਐਸੀ ਵੈਸੀ ਗੱਲ ਹੋ ਗਈ ਤਾਂ..?

''ਨਹੀਂ ਪੁੱਤ, ਰੱਬ-ਰੱਬ ਕਰ। ਪਰਮਾਤਮਾ ਇਸ ਵਾਰ ਮਿਹਰਬਾਨ ਹੋ ਜਾਊ, ਭੋਲੀ ਨੂੰ ਇਸ ਵਾਰ ਦੱਸ ਦੇਈ.. ਦਾਜ ਘੱਟ ਲਿਆਉਣ ਵਾਲੀ ਗੱਲ ਤਾਂ ਮੈਂ ਜਰੀ ਹੋਈ ਏ.. ਇਹਨੇ ਦੋ ਕੁੜੀਆਂ ਜੰਮੀਆਂ.. ਮੈਂ ਉਹ ਵੀ ਜਰ ਲਈਆਂ। ਜੇ ਤੀਸਰੀ ਵਾਰ ਵੀ ਕੁੜੀ ਈ ਹੋਈ ਤਾਂ ਮੇਰੇ ਨਾਲੋਂ ਬੁਰਾ ਕੋਈ ਨਹੀਂ ਹੋਵੇਗਾ..।'' ਕਮਲਾ ਦੇਵੀ ਰੋਹ ਵਿੱਚ ਆ ਗਈ ਸੀ।

### ਚੰਗੀ ਕਿਸਮਤ

-ਪ੍ਰਤਾਪ 'ਪਾਰਸ' ਗੁਰਦਾਸਪੁਰੀ

ਸਵੇਰੇ ਸੈਰ ਕਰਕੇ ਵਾਪਸ ਆਉਂਦਿਆਂ ਮੈਂ ਰੋਜ਼ਾਨਾ ਰਾਹ ਵਿੱਚ ਸੜਕ ਕਿਨਾਰੇ ਰਹਿੰਦੇ ਟੱਪਰੀਵਾਸਾਂ ਦੀਆਂ ਕੋਈ ਬਾਰਾਂ-ਬਾਰਾਂ ਤੇਰਾਂ-ਤੇਰਾਂ ਸਾਲ ਦੀਆਂ ਦੋ ਕੁੜੀਆਂ ਨੂੰ ਕੂੜੇ ਦੇ ਢੇਰ ਫਰੋਲਦਿਆਂ ਵੇਖਦਾ। ਮੈਂ ਉਨ੍ਹਾਂ ਨੂੰ ਕਈ ਵਾਰ ਕਿੰਨਾ-ਕਿੰਨਾ ਚਿਰ ਕੂੜੇ ਦੇ ਢੇਰ ਨੂੰ ਫਰੋਲਦਿਆਂ ਖਲੋ ਕੇ ਵੇਖਦਾ ਰਹਿੰਦਾ ਤੇ ਕਦੀ-ਕਦੀ ਪਜਾਮੇ ਦੀ ਜੇਬ੍ਹ ਵਿੱਚ ਹੁੰਦੇ ਪੰਜ-ਦਸ ਰੁਪਏ ਵੀ ਦੇ ਦਿੰਦਾ।

ਅੱਜ ਵੀ ਸਵੇਰ ਦੀ ਸੈਰ ਕਰਕੇ ਵਾਪਸ ਆ ਰਿਹਾ ਸੀ ਤੇ ਦੋਵੇਂ ਕੁੜੀਆਂ ਰੋਜ਼ਾਨਾ ਦੀ ਤਰ੍ਹਾਂ ਕੂੜਾ ਫਰੋਲ ਰਹੀਆਂ ਸਨ। ਮੈਂ ਉਥੇ ਰੁਕ ਗਿਆ। ਉਨ੍ਹਾਂ ਦੋਵਾਂ ਵਿੱਚੋਂ ਇੱਕ ਨੂੰ ਇੱਕ ਪੁਰਾਣਾ ਲੇਡੀਜ਼ ਪਰਸ ਲੱਭ ਗਿਆ। ਉਹ ਜਲਦੀ-ਜਲਦੀ ਉਸ ਪਰਸ ਦੀਆਂ ਜਿੱਪਾਂ ਖੋਲ੍ਹਣ ਲੱਗ ਪਈ। ਉਸ ਨੂੰ ਪਰਸ ਦੀਆਂ ਅੰਦਰ ਦੀਆਂ ਜੇਬ੍ਹਾਂ ਵਿੱਚੋਂ ਵੀਹ ਰੁਪਏ ਦਾ ਨੋਟ ਲੱਭ ਗਿਆ ਜੋ ਕੋਈ ਔਰਤ ਪਰਸ ਸੁੱਟਣ ਵੇਲੇ ਇਸ ਵਿੱਚੋਂ ਕੱਢਣਾ ਭੁੱਲ ਗਈ ਲੱਗਦੀ ਸੀ। ਉਸ ਨੇ ਜ਼ੋਰ ਦੀ ਚੀਕ ਮਾਰੀ, ''ਮਾਣੋ, ਵੀਹ ਰੁਪਏ ਨਿਕਲੇ ਪਰਸ ਵਿੱਚੋਂ!''

''ਹੈਂ ਨੀ ਤੇਰੀ ਐਨੀ ਚੰਗੀ ਕਿਸਮਤ!'' ਮੈਂ ਦੂਜੀ ਕੁੜੀ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਸੋਚੀਂ ਪਿਆ 'ਚੰਗੀ ਕਿਸਮਤ' ਦੀ ਪਰਿਭਾਸ਼ਾ ਦੇ ਪੈਮਾਨਿਆਂ ਨੂੰ ਆਂਕਦਾ ਪਤਾ ਹੀ ਨਾ ਲੱਗਾ ਕਦੋਂ ਘਰ ਦੇ ਗੇਟ 'ਤੇ ਆ ਪੁੱਜਾ।

## ਕਲਾ ਜਿੰਨੀ ਬਿਖਰਦੀ ਹੈ, ਓਨੀ ਹੀ ਨਿਖਰਦੀ ਹੈ : ਰਾਜਪਾਲ ਯਾਦਵ



**ਮੁੰਬਈ :** ਹਾਲਿਆ ਰਿਲੀਜ਼ 'ਹੰਗਾਮਾ 2' 'ਚ ਅਦਾਕਾਰ ਰਾਜਪਾਲ ਯਾਦਵ ਆਪਣੇ ਚਰਚਿਤ ਅੰਦਾਜ਼ 'ਚ ਕਾਮੇਡੀ ਕਰਦੇ ਦਿਸੇ। ਇਹ ਸਾਲ 2003 'ਚ ਰਿਲੀਜ਼ ਹੋਈ 'ਹੰਗਾਮਾ' ਦਾ ਸੀਕੁਅਲ ਹੈ। ਮੂਲ ਫਿਲਮ ਦਾ ਵੀ ਹਿੱਸਾ ਰਹੇ ਰਾਜਪਾਲ ਯਾਦਵ ਨੇ ਸਾਂਝੇ ਕੀਤੇ ਆਪਣੇ ਜਜ਼ਬਾਤ...'ਹੰਗਾਮਾ' ਸੀਰੀਜ਼ ਨੂੰ ਲੈ ਕੇ ਰਾਜਪਾਲ ਕਹਿੰਦੇ ਹਨ, 'ਇਨ੍ਹਾਂ ਦੋਵੇਂ ਫਿਲਮਾਂ 'ਚ ਨਿਰਦੇਸ਼ਕ ਪ੍ਰਿਯਨ (ਪ੍ਰਿਅਦਰਸ਼ਨ) ਜੀ ਦਾ ਹੰਗਾਮਾ ਹੈ। ਉਹ ਕਾਮੇਡੀ ਆਫ ਈਅਰ ਦੇ ਮਾਸਟਰ ਮੰਨੇ ਜਾਂਦੇ ਹਨ। ਉਨ੍ਹਾਂ ਨੇ ਜਿੰਨੀਆਂ ਵੀ ਖੇਤਰੀ ਜਾਂ ਹਿੰਦੀ ਫਿਲਮਾਂ ਬਣਾਈਆਂ ਹਨ, ਉਨ੍ਹਾਂ ਸਾਰਿਆਂ 'ਚ ਉਨ੍ਹਾਂ ਨੇ ਵਿਭਿੰਨ ਸਥਿਤੀਆਂ ਅਨੁਸਾਰ ਰੀਅਲਿਸਟਿਕ ਅੰਦਾਜ਼ 'ਚ ਹਸਾਇਆ ਹੈ। ਮੂਲ ਫਿਲਮ 'ਹੰਗਾਮਾ' ਦੀ ਕਹਾਣੀ ਅਤੇ ਕਿਰਦਾਰ ਦਰਸ਼ਕਾਂ ਨੂੰ ਕਾਫੀ ਪਸੰਦ ਆਏ ਸਨ। 'ਹੰਗਾਮਾ 2' ਬਿਲਕੁੱਲ ਅਲੱਗ ਅਤੇ ਨਵੀਂ ਕਹਾਣੀ ਹੈ, ਇਸ 'ਚ ਕੁਝ ਪੁਰਾਣੇ ਕਲਾਕਾਰ ਹਨ ਅਤੇ ਕੁਝ ਨਵੇਂ। ਇਸ ਤਰ੍ਹਾਂ ਪੂਰੀ ਫਿਲਮ 'ਚ ਨਵੇਂ ਅਤੇ ਪੁਰਾਣੇ ਕਲਾਕਾਰਾਂ ਦਾ ਜਮਾਵੜਾ ਹੈ।'


ਮੂਲ ਫਿਲਮ 'ਹੰਗਾਮਾ' ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਰਾਜਪਾਲ ਦੱਸਦੇ ਹਨ, 'ਮੇਰੀ ਜ਼ਿੰਦਗੀ 'ਚ 'ਹੰਗਾਮਾ' ਨਾਲ ਥ੍ਰੀ ਡਾਇਮੈਨਸ਼ਨ ਹੰਗਾਮਾ ਹੋਇਆ ਸੀ, ਇਹ ਫਿਲਮ ਮੈਨੂੰ ਸਾਰੀ ਉਮਰ ਯਾਦ ਰਹੇਗੀ। ਪ੍ਰਿਯਨ ਜੀ ਨਾਲ ਮੇਰੀ ਪਹਿਲੀ ਮੁਲਾਕਾਤ ਇਕ ਵਿਗਿਆਪਨ ਦੀ ਸ਼ੂਟਿੰਗ ਦੌਰਾਨ ਹੋਈ ਸੀ। ਉਸ 'ਚ ਮੈਂ ਅਮਿਤਾਭ ਬੱਚਨ ਸਾਹਿਬ ਨਾਲ ਕੰਮ ਕੀਤਾ ਸੀ। ਉਸਤੋਂ ਬਾਅਦ ਪ੍ਰਿਯਨ ਜੀ ਨੇ ਮੈਨੂੰ 'ਹੰਗਾਮਾ' ਲਈ ਬੁਲਾਇਆ। ਸ਼ੂਟਿੰਗ ਲਈ ਜਦੋਂ ਮੈਂ ਚੇਨਈ ਸਥਿਤ ਸੈੱਟ 'ਤੇ ਪਹੁੰਚਿਆ ਤਾਂ ਪਤਾ ਲੱਗਾ ਕਿ ਕਲਾਈਮੈਕਸ ਸੀਨ ਸ਼ੂਟ ਹੋ ਰਿਹਾ ਹੈ। ਪ੍ਰਿਯਨ ਜੀ ਨੇ ਸਭ ਤੋਂ ਪਹਿਲਾਂ ਮੇਰੀ ਸ਼ਰਟ ਪਾੜ ਦਿੱਤੀ। ਉਸਤੋਂ ਬਾਅਦ ਕਲਾਈਮੈਕਸ ਸੀਨ ਦੀ ਸ਼ੂਟਿੰਗ ਹੋਈ। ਫਿਲਮ ਤਿਆਰ ਹੋਣ ਤੋਂ ਬਾਅਦ ਜਦੋਂ ਅਸੀਂ ਉਹ ਸੀਨ ਦੇਖਿਆ ਤਾਂ ਪਤਾ ਲੱਗਾ ਕਿ ਉਸ ਸੀਨ 'ਚ ਕੱਪੜੇ ਪਾੜਨ ਦੀ ਕੀ ਅਹਿਮੀਅਤ ਸੀ। ਉਸ ਦਿਨ ਤੋਂ ਬਾਅਦ ਸਾਡੀ ਦੋਵਾਂ ਦੀ ਗਜ਼ਬ ਦੀ ਕਮਿਸਟਰੀ ਬੈਠ ਗਈ ਅਤੇ ਅਸੀਂ ਇਕੱਠੇ ਕਈ ਫਿਲਮਾਂ 'ਚ ਕੰਮ ਕੀਤਾ।

## ਫਿਲਮਾਂ ਵਿਚਲੇ ਕਿਰਦਾਰਾਂ 'ਚੋਂ ਕਈ ਕੁੱਝ ਸਿੱਖਣ ਨੂੰ ਮਿਲਦੈ: ਵਿਦਿਆ



**ਨਵੀਂ ਦਿੱਲੀ:** ਆਪਣੀ ਜ਼ਬਰਦਸਤ ਪੇਸ਼ਕਾਰੀ ਅਤੇ ਕਿਰਦਾਰਾਂ ਜ਼ਰੀਏ ਦਰਸ਼ਕਾਂ ਦੇ ਦਿਲ ਟੁੰਬਣ ਵਾਲੀ ਬੌਲੀਵੁੱਡ ਅਦਾਕਾਰਾ ਵਿਦਿਆ ਬਾਲਨ ਨੇ ਦੱਸਿਆ ਕਿ ਹੁਣ ਤੱਕ ਉਸ ਵੱਲੋਂ ਨਿਭਾਏ ਗਏ ਕਿਰਦਾਰਾਂ ਨੇ ਉਸ ਨੂੰ ਕਈ ਕੁੱਝ ਸਿਖਾਇਆ ਅਤੇ ਉਸ ਵਿੱਚ ਕਈ ਤਰ੍ਹਾਂ ਦੇ ਬਦਲਾਅ ਲਿਆਂਦੇ। 2005 ਵਿੱਚ 'ਪਰਿਨੀਤਾ' ਨਾਲ ਬੌਲੀਵੁੱਡ ਵਿੱਚ ਸ਼ੁਰੂਆਤ ਕਰਨ ਵਾਲੀ ਵਿੱਦਿਆ ਨੇ 'ਭੂਲ ਭੁਲੱਈਆ', 'ਨੋ ਵਨ ਕਿਲਡ ਜੈਸਿਕਾ', 'ਦਿ ਡਰਟੀ ਪਿਕਚਰ', 'ਪਾ', 'ਕਹਾਣੀ', 'ਇਸ਼ਕੀਆ', 'ਮਿਸ਼ਨ ਮੰਗਲ', 'ਤੁਮਹਾਰੀ ਸੱਲੂ' ਅਤੇ 'ਸ਼ਕੁੰਤਲਾ ਦੇਵੀ' ਨਾਲ ਵੱਖ-ਵੱਖ ਤਰ੍ਹਾਂ ਦੇ ਕਿਰਦਾਰਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ। ਹਾਲ ਹੀ ਵਿੱਚ ਉਸ ਦੀ ਫਿਲਮ 'ਸ਼ੇਰਨੀ' ਰਿਲੀਜ਼ ਹੋਈ ਹੈ, ਜਿਸ ਵਿੱਚ ਉਸ ਨੇ ਇਮਾਨਦਾਰ ਜੰਗਲਾਤ ਅਧਿਕਾਰੀ ਦੀ ਭੂਮਿਕਾ ਨਿਭਾਈ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਉਸ ਵੱਲੋਂ ਨਿਭਾਏ ਗਏ ਕਿਰਦਾਰ ਉਸ ਨੂੰ ਕੁਝ ਸਿਖਾਉਂਦੇ ਹਨ, ਵਿਦਿਆ ਨੇ ਕਿਹਾ, ''ਹਾਂ ਬਿਲਕੁਲ, ਇਹ ਅਜਿਹਾ ਹੈ ਜਿਵੇਂ ਤੁਸੀਂ ਕਿਸੇ ਹੋਰ ਵਿਅਕਤੀ ਨਾਲ ਗੱਲਬਾਤ ਕਰਨ ਤੋਂ ਬਾਅਦ ਕੁਝ ਸਿੱਖਦੇ ਹੋ। ਤੁਸੀਂ ਕੋਈ ਕਿਰਦਾਰ ਅਦਾ ਕਰਨ ਵੇਲੇ ਡੇਢ-ਦੋ ਮਹੀਨੇ ਜਾਂ ਇਸ ਤੋਂ ਵੀ ਵੱਧ ਸਮਾਂ ਉਸ ਵਿਅਕਤੀ ਵਜੋਂ ਜ਼ਿੰਦਗੀ ਜਿਊਂਦੇ ਹੋ ਕਿਉਂਕਿ ਤੁਸੀਂ ਪਹਿਲਾਂ ਹੀ ਉਸ ਦੀ ਤਿਆਰੀ ਸ਼ੁਰੂ ਕਰ ਦਿੰਦੇ ਹੋ।'' ਉਸ ਨੇ ਕਿਹਾ, ''ਮੈਂ ਲਗਪਗ ਚਾਰ ਮਹੀਨੇ ਤੱਕ ਇੱਕ ਹੀ ਕਿਰਦਾਰ ਵਿੱਚ ਰਹਿੰਦੀ ਹਾਂ। ਇਸ ਲਈ ਆਪਣੇ ਆਪ 'ਤੇ ਉਸ ਦਾ ਪ੍ਰਭਾਵ ਨਾ ਪੈਣ ਦੇਣਾ ਬਹੁਤ ਮੁਸ਼ਕਲ ਹੈ।''

## ਖੁਦ ਦੀ ਬਿਹਤਰੀ ਲਈ ਕੰਮ ਕਰ ਰਿਹੈ ਅਰਜੁਨ



**ਮੁੰਬਈ:** ਹਾਲ ਹੀ ਵਿੱਚ ਆਪਣੀ ਸਰੀਰਕ ਤਬਦੀਲੀ ਬਾਰੇ ਖੁਲਾਸੇ ਕਰਨ ਵਾਲੇ ਅਦਾਕਾਰ ਅਰਜੁਨ ਕਪੂਰ ਦਾ ਕਹਿਣਾ ਹੈ ਕਿ ਉਹ ਹਰ ਦਿਨ ਖੁਦ ਨੂੰ ਬਿਹਤਰ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ। ਅੱਜ ਉਸ ਨੇ ਸੋਸ਼ਲ ਮੀਡੀਆ 'ਤੇ ਆਪਣੀ ਪਹਿਲਾਂ ਅਤੇ ਹੁਣ ਦੀ ਤਸਵੀਰ ਸਾਂਝੀ ਕੀਤੀ। ਪਹਿਲੀ ਤਸਵੀਰ ਉਸ ਨੇ ਛੋਟੇ ਹੁੰਦਿਆਂ ਦੀ ਸਾਂਝੀ ਕੀਤੀ, ਜਿਸ ਵਿੱਚ ਉਹ ਥੋੜ੍ਹਾ ਮੋਟਾ ਦਿਖਾਈ ਦੇ ਰਿਹਾ ਹੈ ਅਤੇ ਦੂਜੀ ਤਸਵੀਰ ਵਿੱਚ ਉਸ ਦਾ ਗਠਿਆ ਹੋਇਆ ਸਰੀਰ ਨਜ਼ਰ ਆ ਰਿਹਾ ਹੈ। ਤਸਵੀਰ ਹੇਠਾਂ ਉਸ ਨੇ ਲਿਖਿਆ, ''ਪਹਿਲਾਂ ਮੈਂ ਬਹੁਤ ਮੋਟਾ ਤੇ ਪ੍ਰੇਸ਼ਾਨ ਸੀ। ਨਹੀਂ ਨਹੀਂ ਇਹ ਉਨ੍ਹਾਂ ਪੋਸਟਾਂ 'ਚੋਂ ਨਹੀਂ ਹੈ। ਮੈਂ ਬੱਸ ਇੰਨਾ ਦੱਸਣਾ ਚਾਹੁੰਦਾ ਸੀ ਕਿ ਮੈਨੂੰ ਆਪਣੀ ਜ਼ਿੰਦਗੀ ਦੇ ਹਰ ਪੜਾਅ ਨਾਲ ਪਿਆਰ ਹੈ। ਉਨ੍ਹਾਂ ਦਿਨਾਂ ਵਿੱਚ ਵੀ ਅਤੇ ਹੁਣ ਵੀ ਮੈਂ ਜ਼ਿੰਦਗੀ ਦੇ ਹਰ ਪੜਾਅ 'ਤੇ ਉਹੀ ਰਿਹਾ ਜੋ ਮੈਂ ਹਾਂ। ਮੈਂ ਹਰ ਪਲ ਦਾ ਆਨੰਦ ਲੈਂਦਾ ਹਾਂ। ਮੈਂ ਹੋਰਾਂ ਵਾਂਗ ਅੱਗੇ ਵਧਣ ਲਈ ਮਿਹਨਤ ਕਰ ਰਿਹਾ ਹਾਂ।'

## ਨੀਨਾ ਗੁਪਤਾ ਨੇ ਹਰ ਕਿਰਦਾਰ ਬਾਖੂਬੀ ਨਿਭਾਇਆ: ਮਨੋਜ ਬਾਜਪਾਈ




**ਮੁੰਬਈ।** ਨੈਸ਼ਨਲ ਐਵਾਰਡ ਜੇਤੂ ਅਦਾਕਾਰ ਮਨੋਜ ਬਾਜਪਾਈ ਆਪਣੀ ਅਗਲੀ ਫਿਲਮ 'ਡਾਇਲ 100' ਵਿੱਚ ਅਦਾਕਾਰਾ ਨੀਨਾ ਗੁਪਤਾ ਅਤੇ ਸਾਕਸ਼ੀ ਤੰਵਰ ਨਾਲ ਕੰਮ ਕਰ ਰਹੇ ਹਨ। ਬਾਜਪਾਈ ਨੇ ਨੀਨਾ ਨਾਲ ਕੰਮ ਦੇ ਤਜਰਬੇ ਬਾਰੇ ਗੱਲ ਕਰਦਿਆਂ ਕਿਹਾ, ''ਨੀਨਾ ਗੁਪਤਾ ਸਾਡੀ ਸੀਨੀਅਰ ਅਦਾਕਾਰਾ ਹੈ ਅਤੇ ਹਰ ਭੂਮਿਕਾ ਜੋ ਉਹ ਨਿਭਾਉਂਦੀ ਹੈ, ਉਸ ਵਿੱਚ ਆਪਣੇ-ਆਪ ਨੂੰ ਝੋਕ ਦਿੰਦੀ ਹੈ। ਉਹ ਇਸ ਨੂੰ ਧੁਰ ਅੰਦਰੋਂ ਨਿਭਾਉਂਦੀ ਹੈ, ਜੋ ਕਿ ਮਾੜੀ ਗੱਲ ਨਹੀਂ ਹੈ। ਇਹ ਸਭ ਉਸ ਦੀ ਆਪਣੀ ਉਮਰ ਦੇ ਤਜਰਬੇ 'ਚੋਂ ਆ ਰਿਹਾ ਹੈ ਅਤੇ ਇਹ ਉਸ ਨੂੰ ਹੋਰ ਪਿਆਰਾ ਅਤੇ ਪ੍ਰਭਾਵਸ਼ਾਲੀ ਬਣਾਉਂਦਾ ਹੈ।'' ਸਾਕਸ਼ੀ ਬਾਰੇ ਗੱਲ ਕਰਦਿਆਂ ਬਾਜਪਾਈ ਨੇ ਕਿਹਾ, ''ਸਾਕਸ਼ੀ ਤੰਵਰ ਨੂੰ ਮੈਂ ਕਈ ਸਾਲਾਂ ਤੋਂ ਜਾਣਦਾ ਹਾਂ, ਜਦੋਂ ਉਹ ਕਾਲਜ ਵਿੱਚ ਸੀ ਅਤੇ ਮੈਂ ਥੀਏਟਰ ਵਿੱਚ ਥੋੜ੍ਹਾ ਵੱਧ ਤਜਰਬੇਕਾਰ ਸੀ। ਮੈਂ ਉਸ ਨਾਲ ਇੱਕ ਨਾਟਕ ਖੇਡਿਆ, ਜਿਸ ਵਿੱਚ ਉਸ ਨੇ ਮੁੱਖ ਭੂਮਿਕਾ ਨਿਭਾਈ ਅਤੇ ਮੈਂ ਨਿਰਦੇਸ਼ਕ ਸੀ। ਮੈਂ ਉਸ ਨੂੰ ਉਦੋਂ ਤੋਂ ਜਾਣਦਾ ਹਾਂ।'' ਫਿਲਮ 'ਡਾਇਲ 100' ਦਾ ਨਿਰਦੇਸ਼ਨ ਰੈਨਸਿਲ ਡੀ ਸਿਲਵਾ ਨੇ ਕੀਤਾ ਹੈ, ਜਿਸ ਨਾਲ ਮਨੋਜ ਪਹਿਲਾ ਫਿਲਮ 'ਏਕੇਐੱਸ' ਵਿੱਚ ਕੰਮ ਕਰ ਚੁੱਕੇ ਹਨ। ਮਨੋਜ ਨੇ ਕਿਹਾ, ''ਰੇਨਸਿਲ ਨੇ ਫਿਲਮ 'ਏਕੇਐੱਸ' ਲਿਖੀ, ਜੋ ਮੇਰੇ ਦਿਲ ਦੇ ਬੇਹੱਦ ਨੇੜੇ ਹੈ ਅਤੇ ਜਿਸ ਨੂੰ ਮੈਂ ਕਦੇ ਨਹੀਂ ਭੁੱਲ ਸਕਦਾ।'' ਅਦਾਕਾਰ ਨੇ ਕਿਹਾ ਕਿ ਉਹ ਰੈਨਸਿਲ ਦੇ ਨਿਰਦੇਸ਼ਨ ਹੇਠ ਕੰਮ ਕਰ ਕੇ ਬੇਹੱਦ ਖੁਸ਼ ਹੈ। ਇਹ ਫਿਲਮ 6 ਅਗਸਤ ਨੂੰ ਜ਼ੀ5 'ਤੇ ਰਿਲੀਜ਼ ਹੋਵੇਗੀ। -

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਵਿਦਿਆਰਥੀਆਂ ਦੇ ਅੰਗਰੇਜ਼ੀ ਭਾਸ਼ਾ ਵਿੱਚ ਲਿਸਨਿੰਗ ਸਕਿੱਲ ਨੂੰ ਤਰਾਸ਼ਣ ਲਈ ਵਿਭਾਗ ਦਾ ਨਿਵੇਕਲਾ ਉਪਰਾਲਾ

**ਜਲੰਧਰ (ਅੰਮ੍ਰਿਤਪਾਲ ਸਿੰਘ ਸਫ਼ਰੀ)** ਪੰਜਾਬੀ ਭਾਸ਼ਾ ਦੇ ਵਿਕਾਸ ਦੇ ਨਾਲ-ਨਾਲ ਸਮੇਂ ਦੀ ਲੋੜ ਅਨੁਸਾਰ ਵਿਦਿਆਰਥੀਆਂ ਦੇ ਇੰਗਲਿਸ਼ ਕਮਿਊਨੀਕੇਸ਼ਨ ਸਕਿੱਲ ਦੇ ਵਿਕਾਸ ਲਈ ਵੀ ਸਿੱਖਿਆ ਵਿਭਾਗ ਨਿਰੰਤਰ ਉਪਰਾਲੇ ਕਰ ਰਿਹਾ ਹੈ। ਇਸੇ ਲੜੀ ਤਹਿਤ ਵਿਭਾਗ ਵੱਲੋਂ ਵਿਦਿਆਰਥੀਆਂ ਦੇ ਲਿਸਨਿੰਗ ਸਕਿੱਲ ਦੇ ਵਿਕਾਸ ਲਈ ਆਡੀਓਜ਼ ਉਪਲੱਬਧ ਕਰਵਾਈਆਂ ਗਈਆਂ ਹਨ।

ਇਸ ਬਾਰੇ ਜਾਣਕਾਰੀ ਦਿੰਦਿਆਂ ਸਿੱਖਿਆ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਮਾਪਿਆਂ ਦੀ ਮੰਗ ਨੂੰ ਮੁੱਖ ਰੱਖਦਿਆਂ ਅਤੇ ਸਮੇਂ ਦੀ ਲੋੜ ਅਨੁਸਾਰ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਮਾਧਿਅਮ ਦੇ ਨਾਲ-ਨਾਲ ਅੰਗਰੇਜ਼ੀ ਮਾਧਿਅਮ ਵੀ ਸ਼ੁਰੂ ਕੀਤਾ ਗਿਆ ਹੈ। ਇਸ ਦੇ ਨਾਲ-ਨਾਲ ਸਰਕਾਰੀ ਸਕੂਲਾਂ ਵਿੱਚ ਇੰਗਲਿਸ਼ ਬੂਸਟਰ ਕਲੱਬ ਸਥਾਪਤ ਕੀਤੇ ਗਏ ਹਨ। ਜਿਨ੍ਹਾਂ ਤਹਿਤ ਵਿਦਿਆਰਥੀਆਂ ਦੇ ਅੰਗਰੇਜ਼ੀ ਭਾਸ਼ਾ ਵਿੱਚ ਸਪੀਕਿੰਗ, ਲਿਸਨਿੰਗ ਹੁਨਰਾਂ ਨੂੰ ਤਰਾਸ਼ਿਆ ਜਾ ਰਿਹਾ ਹੈ। ਹੁਣ ਵਿਭਾਗ ਵੱਲੋਂ ਨਿਵੇਕਲਾ ਉਪਰਾਲਾ ਕਰਦਿਆਂ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਇੰਗਲਿਸ਼ ਕਮਿਊਨੀਕੇਸ਼ਨ ਸਕਿੱਲ, ਪ੍ਰੈਕਟਿਸ ਸ਼ੀਟਾਂ ਅਤੇ ਵਰਕਸ਼ੀਟਾਂ ਵਿੱਚ ਦਿੱਤੀਆਂ ਗਈਆਂ ਲਿਸਨਿੰਗ ਸਕਿੱਲਜ਼ ਦੀਆਂ ਵੀਡੀਓਜ਼ ਮੁਹੱਈਆ ਕਰਵਾਈਆਂ ਗਈਆਂ ਹਨ। ਜਿਨ੍ਹਾਂ ਦੀ ਸੁਚੱਜੇ ਢੰਗ ਨਾਲ ਵਰਤੋਂ ਕਰਨ ਨਾਲ ਵਿਦਿਆਰਥੀਆਂ ਦੇ ਲਿਸਨਿੰਗ ਸਕਿੱਲ ਦਾ ਵਿਕਾਸ ਹੋਵੇਗਾ। ਉਹਨਾਂ ਨੂੰ ਅੰਗਰੇਜ਼ੀ ਭਾਸ਼ਾ ਦੇ ਸ਼ਬਦਾਂ ਦੇ ਸਹੀ ਉਚਾਰਨ ਦਾ ਗਿਆਨ ਹੋਵੇਗਾ ਅਤੇ ਨਾਲ ਹੀ ਉਨ੍ਹਾਂ ਦੇ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਭੰਡਾਰ ਵਿੱਚ ਵਾਧਾ ਹੋਵੇਗਾ। ਵਿਭਾਗ ਵੱਲੋਂ ਉਪਲੱਬਧ ਕਰਵਾਈਆਂ ਗਈਆਂ ਪ੍ਰੈਕਟਿਸ ਸ਼ੀਟਾਂ ਵਿੱਚ ਲਿਸਨਿੰਗ ਤੇ ਸਪੀਕਿੰਗ ਐਕਸਰਸਾਈਜ਼ ਦਿੱਤੀਆਂ ਗਈਆਂ ਹਨ ਜੋ ਕਿ ਇੰਗਲਿਸ਼ ਟੈਕਸਟ ਬੁੱਕ ਵਿੱਚ ਦਿੱਤੇ ਗਏ ਪਾਠਾਂ ਨਾਲ ਸਬੰਧਤ ਹਨ।ਵਿਭਾਗ ਵੱਲੋਂ ਵਿਦਿਆਰਥੀਆਂ ਲਈ ਇਹ ਆਡੀਓਜ਼ ਕਲਿੱਪ 'ਪੰਜਾਬ ਐਜੂਕੇਅਰ ਐਪ' ਅਤੇ .. ਤੇ ਉਪਲਬਧ ਕਰਵਾਈਆਂ ਗਈਆਂ ਹਨ। ਸਿੱਖਿਆ ਵਿਭਾਗ ਦੇ ਬੁਲਾਰੇ ਅਨੁਸਾਰ ਲਿਸਨਿੰਗ ਸ਼ੀਟਾਂ ਦੀ ਪ੍ਰੈਕਟਿਸ ਕਰਵਾਉਣ ਸਮੇਂ ਸੰਬੰਧਿਤ ਅਧਿਆਪਕ ਵਿਦਿਆਰਥੀਆਂ ਨੂੰ ਕੰਪਿਊਟਰ ਲੈਬ/ਲਿਸਨਿੰਗ ਲੈਬ ਵਿੱਚ ਉਪਲਬਧ ਕੰਪਿਊਟਰ ਨਾਲ ਹੈੱਡਫ਼ੋਨ ਜੋੜ ਕੇ ਹਰ ਇੱਕ ਵਿਦਿਆਰਥੀ ਨੂੰ ਵੱਖਰੇ




ਤੌਰ ਤੇ ਆਡੀਓ ਕਲਿੱਪ ਸੁਣਾ ਸਕਦੇ ਹਨ ਤਾਂ ਜੋ ਇਸ ਨੂੰ ਸੁਣ ਕੇ ਵਿਦਿਆਰਥੀ ਪ੍ਰੈਕਟਿਸ ਸ਼ੀਟਾਂ ਅਤੇ ਵਰਕਸ਼ੀਟਾਂ ਵਿਚਲੇ ਦੇ ਉੱਤਰ ਵਧੀਆ ਢੰਗ ਨਾਲ ਦੇ ਸਕਣ। ਇਸ ਕੰਟੈਂਟ ਨੂੰ ਸੁਣ ਕੇ ਵਿਦਿਆਰਥੀ ਇੰਗਲਿਸ਼ ਅਸੈਂਟ ਅਤੇ ਅੰਗਰੇਜ਼ੀ ਭਾਸ਼ਾ ਦੇ ਉਚਾਰਣ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ।

ਚੰਦਰ ਸ਼ੇਖਰ ਸਟੇਟ ਰਿਸੋਰਸ ਪਰਸਨ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਛੇਵੀਂ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਅੰਗਰੇਜ਼ੀ ਵਿਸ਼ੇ ਦਾ ਪ੍ਰੈਕਟੀਕਲ ਇਹਨਾਂ ਕਮਿਊਨੀਕੇਸ਼ਨ ਸਕਿੱਲ ਪ੍ਰੈਕਟਿਸ ਸ਼ੀਟਾਂ ਵਿੱਚੋਂ ਲਿਆ ਜਾਵੇਗਾ। ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦਾ ਪ੍ਰੈਕਟੀਕਲ ਵਰਕਬੁੱਕਸ ਵਿੱਚ ਦਿੱਤੇ ਲਿਸਨਿੰਗ ਤੇ ਸਪੀਕਿੰਗ ਪਾਰਟ ਵਿੱਚੋਂ ਲਿਆ ਜਾਵੇਗਾ। ਜਿਹੜੇ ਵਿਦਿਆਰਥੀ ਸਕੂਲ ਜਾਣ ਲੱਗ ਪਏ ਹਨ, ਉਹ ਇਹਨਾਂ ਪ੍ਰੈਕਟਿਸ ਸ਼ੀਟਾਂ ਦੀ ਵਰਤੋਂ ਕੰਪਿਊਟਰ ਲੈਬ/ ਲਿਸਨਿੰਗ ਲੈਬ ਵਿੱਚ ਕਰ ਸਕਦੇ ਹਨ। ਜਿਹੜੇ ਵਿਦਿਆਰਥੀ ਕੋਵਿਡ-19 ਦੇ ਮੱਦੇਨਜ਼ਰ ਆਨਲਾਈਨ ਪੜ੍ਹਾਈ ਕਰ ਰਹੇ ਹਨ, ਉਹ ਇਹਨਾਂ ਦੀ ਪ੍ਰੈਕਟਿਸ ਘਰ ਤੋਂ ਹੀ ਕਰਨਗੇ।

# ਮਦਨ ਮੋਹਨ ਮਿੱਤਲ ਦੇ ਕਾਫ਼ਲੇ ਅੱਗੇ ਲੰਮੇ ਪਏ ਕਿਸਾਨ

**ਸ੍ਰੀ ਆਨੰਦਪੁਰ ਸਾਹਿਬ।** ਸੀਨੀਅਰ ਭਾਜਪਾ ਆਗੂ ਮਦਨ ਮੋਹਨ ਮਿੱਤਲ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਦੇ ਕੀਤੇ ਜਾ ਰਹੇ ਦੌਰਿਆਂ ਦਾ ਕਿਸਾਨ ਲਗਾਤਾਰ ਵਿਰੋਧ ਕਰ ਰਹੇ ਹਨ। ਇਸ ਤਹਿਤ ਅੱਜ ਪਿੰਡ ਰਾਮਪੁਰ ਜੱਜਰ ਵਿੱਚ ਕਿਸਾਨਾਂ ਨੇ ਮਦਨ ਮੋਹਨ ਮਿੱਤਲ ਦਾ ਘਿਰਾਓ ਕਰਦਿਆਂ ਜਬਰਦਸਤ ਵਿਰੋਧ ਕੀਤਾ। ਜ਼ਿਲ੍ਹਾ ਰੂਪਨਗਰ ਦੇ ਐੱਸਪੀ ਦੀ ਅਗਵਾਈ ਹੇਠ ਪਹੁੰਚੀ ਭਾਰੀ ਪੁਲੀਸ ਫੋਰਸ ਨੇ ਜਿੱਥੇ ਮਦਨ ਮੋਹਨ ਮਿੱਤਲ ਅਤੇ ਉਨ੍ਹਾਂ ਦੇ ਫਰਜ਼ੰਦ ਐਡਵੋਕੇਟ ਅਰਵਿੰਦ ਮਿੱਤਲ ਸਣੇ ਭਾਜਪਾ ਵਰਕਰਾਂ ਨੂੰ ਸਖਤ ਸੁਰੱਖਿਆ ਘੇਰੇ 'ਚ ਬਾਹਰ ਕੱਢਿਆ, ਉੱਥੇ ਹੀ ਇਸ ਦੌਰਾਨ ਮਿੱਤਲ ਦੇ ਕਾਫ਼ਲੇ ਵਾਲੀ ਗੱਡੀ ਹੇਠ ਇੱਕ ਕਿਸਾਨ ਦਾ ਪੈਰ ਵੀ ਆ ਗਿਆ।

ਜ਼ਿਕਰਯੋਗ ਹੈ ਕਿ ਕਿਸਾਨਾਂ ਨੇ ਮਿੱਤਲ ਦੇ ਪਿੰਡਾਂ ਦੇ ਦੌਰਿਆਂ ਦਾ ਵਿਰੋਧ ਕਰਨ ਲਈ ਪੂਰੀ ਨਾਕਾਬੰਦੀ ਕੀਤੀ ਹੋਈ ਸੀ ਅਤੇ ਦੁਪਹਿਰ ਤੋਂ ਹੀ ਦੋਵੇਂ ਧਿਰਾਂ ਦਰਮਿਆਨ ਲੁਕਣਮੀਟੀ ਦੀ ਖੇਡ ਚੱਲ ਰਹੀ ਸੀ। ਸ਼ਾਮ ਹੁੰਦਿਆਂ ਤੱਕ ਜਦੋਂ ਮਿੱਤਲ ਸਰਹੱਦੀ ਪਿੰਡ ਰਾਮਪੁਰ ਜੱਜਰ ਵਿੱਚ ਭਾਜਪਾ ਸਮਰਥਕ ਦੇ ਘਰ ਪਹੁੰਚੇ ਤਾਂ ਕਿਸਾਨਾਂ ਨੇ ਘਰ ਅੱਗੇ ਧਰਨਾ ਲਾ ਕੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਕਿਸਾਨਾਂਨੇ ਕੇਂਦਰ ਸਰਕਾਰ ਅਤੇ ਭਾਜਪਾ ਆਗੂਆਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਹਾਲਾਤ ਬੇਕਾਬੂ ਹੁੰਦੇ ਦੇਖ ਪੁਲੀਸ ਨੇ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਘੇਰਾ ਪਾ ਕੇ ਮਿੱਤਲ ਤੇ ਉਨ੍ਹਾਂ ਦੇ ਫਰਜ਼ੰਦ ਨੂੰ ਗੱਡੀਆਂ ਵਿੱਚ ਬਿਠਾ ਕੇ ਉੱਥੋਂ ਕੱਢਣਾ ਚਾਹਿਆ ਤਾਂ ਕਿਸਾਨ ਗੱਡੀਆਂ ਅੱਗੇ ਲੰਮੇ ਪੈ ਗਏ।



ਇਸੇ ਦੌਰਾਨ ਮਿੱਤਲ ਦੇ ਕਾਫ਼ਲੇ ਦੀ ਗੱਡੀ ਹੇਠ ਇੱਕ ਕਿਸਾਨ ਦਾ ਪੈਰ ਵੀ ਆ ਗਿਆ। ਕਿਸਾਨਾਂ ਦਾ ਪ੍ਰਦਰਸ਼ਨ ਭਖ਼ਣ 'ਤੇ ਪੰਜਾਬ ਪੁਲੀਸ ਨੂੰ ਸਖਤੀ ਕਰਨੀ ਪਈ ਅਤੇ ਪੁਲੀਸ ਨੇ ਕਿਸਾਨਾਂ ਨੂੰ ਧੂਹ ਕੇ ਖੇਤਾਂ ਵੱਲ ਸੁੱਟਿਆ।

# ਠੇਕਾ ਮੁਲਾਜ਼ਮਾਂ ਵੱਲੋਂ ਸਮਾਗਮ 'ਚ ਪੁੱਜੇ ਮਨਪ੍ਰੀਤ ਬਾਦਲ ਦਾ ਵਿਰੋਧ

### ਕਾਲਜ ਦੇ ਪਿਛਲੇ ਦਰਵਾਜਿਓਂ ਨਿਕਲੇ ਮਨਪ੍ਰੀਤ ਬਾਦਲ; ਪ੍ਰਦਰਸ਼ਨਕਾਰੀਆਂ ਨੇ ਮੀਟਿੰਗ ਦੇ ਭਰੋਸੇ ਮਗਰੋਂ ਧਰਨਾ ਚੁੱਕਿਆ

**ਬਠਿੰਡਾ।** ਠੇਕਾ ਮੁਲਾਜ਼ਮ ਸੰਘਰਸ਼ ਮੋਰਚੇ ਵੱਲੋਂ ਅੱਜ ਇੱਥੇ ਐੱਸਐੱਸਡੀ ਗਰਲਜ਼ ਕਾਲਜ ਵਿਚ ਪਹੁੰਚੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਪੁਲੀਸ ਨੇ ਪ੍ਰਦਰਸ਼ਨਕਾਰੀਆਂ ਨੂੰ ਕਾਲਜ ਤੋਂ ਕੁਝ ਦੂਰੀ 'ਤੇ ਰੋਕ ਲਿਆ ਅਤੇ ਵਿੱਤ ਮੰਤਰੀ ਕਾਲਜ ਦੇ ਪਿਛਲੇ ਦਰਵਾਜਿਓਂ ਆਪਣੇ ਅਗਲੇ ਪ੍ਰੋਗਰਾਮ ਲਈ ਰਵਾਨਾ ਹੋ ਗਏ। ਪ੍ਰਦਰਸ਼ਨ ਦੌਰਾਨ ਮੋਰਚੇ ਦੇ ਆਗੂਆਂ ਨੇ ਦੋਸ਼ ਲਾਇਆ ਸਰਕਾਰ ਸਮੁੱਚੇ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਵਾਅਦਾ ਕਰ ਕੇ ਸੱਤਾ 'ਤੇ ਕਾਬਜ਼ ਹੋਈ ਸੀ ਪਰ ਹੁਣ ਉਨ੍ਹਾਂ ਆਪਣੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਜਗ੍ਹਾ ਵਿਭਾਗਾਂ ਦੇ ਪੁਨਰਗਠਨ ਦੇ ਨਾਂ 'ਤੇ ਵੱਡੀ ਗਿਣਤੀ ਅਸਾਮੀਆਂ ਖਤਮ ਕਰ ਦਿੱਤੀਆਂ। ਮੁਲਾਜ਼ਮ ਆਗੂਆਂ ਨੇ ਦੱਸਿਆ ਕਿ ਮੌਕੇ 'ਤੇ ਪਹੁੰਚੇ ਤਹਿਸੀਲਦਾਰ ਸੁਖਵੀਰ ਸਿੰਘ ਬਰਾੜ ਅਤੇ ਡੀਐੱਸਪੀ ਗੁਰਜੀਤ ਸਿੰਘ ਰੋਮਾਣਾ ਨੇ ਖ਼ਜ਼ਾਨਾ ਮੰਤਰੀ ਦੇ ਪੀਏ ਨਾਲ ਫੋਨ 'ਤੇ ਗੱਲ ਕਰ ਕੇ 3 ਅਗਸਤ ਨੂੰ ਚੰਡੀਗੜ੍ਹ ਸਥਿਤ ਪੰਜਾਬ ਭਵਨ ਵਿੱਚ ਗੱਲਬਾਤ ਕਰਵਾਉਣ ਦਾ ਭਰੋਸਾ ਦਿਵਾਇਆ ਜਿਸ ਮਗਰੋਂ ਉਨ੍ਹਾਂ ਧਰਨਾ ਚੁੱਕ ਲਿਆ।




## ਸ਼ਹੀਦ ਊਧਮ ਸਿੰਘ ਯਾਦਗਾਰ ਲੋਕਾਂ ਨੂੰ ਸਮਰਪਿਤ

# ਮੁੱਖ ਮੰਤਰੀ ਵੱਲੋਂ ਗੁੰਮਨਾਮ ਸ਼ਹੀਦਾਂ ਦੀ ਯਾਦਗਾਰ ਜਲਦੀ ਬਣਾਉਣ ਦਾ ਐਲਾਨ

**ਸੁਨਾਮ ਊਧਮ ਸਿੰਘ ਵਾਲਾ।** ਸ਼ਹੀਦ ਊਧਮ ਸਿੰਘ ਦੇ 81ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ਹੀਦ ਊਧਮ ਸਿੰਘ ਦੀ ਯਾਦਗਾਰ ਲੋਕਾਂ ਨੂੰ ਸਮਰਪਿਤ ਕੀਤੀ। ਮੁੱਖ ਮੰਤਰੀ ਨੇ ਭਾਰਤ ਦੇ ਆਜ਼ਾਦੀ ਸੰਘਰਸ਼ ਦੌਰਾਨ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿੱਚ ਸ਼ਹੀਦ ਹੋਣ ਵਾਲੇ ਕਈ ਗੁੰਮਨਾਮ ਨਾਇਕਾਂ ਪ੍ਰਤੀ ਸ਼ਰਧਾ ਤੇ ਸਤਿਕਾਰ ਵਜੋਂ ਇਕ ਯਾਦਗਾਰ ਦਾ ਛੇਤੀ ਹੀ ਨਿਰਮਾਣ ਕਰਨ ਦਾ ਵੀ ਐਲਾਨ ਕੀਤਾ।

ਮੁੱਖ ਮੰਤਰੀ ਵੱਲੋਂ 6.40 ਕਰੋੜ ਦੀ ਲਾਗਤ ਨਾਲ ਬਣੀ ਇਸ ਯਾਦਗਾਰ 'ਤੇ ਸਥਾਪਿਤ ਸ਼ਹੀਦ ਊਧਮ ਸਿੰਘ ਦੇ ਕਾਂਸੀ ਦੇ ਆਦਮ ਕੱਦ ਬੁੱਤ ਤੋਂ ਪਰਦਾ ਹਟਾਇਆ। ਉਨ੍ਹਾਂ ਕਿਹਾ ਕਿ ਅਜਾਇਬਘਰ ਵਿੱਚ ਸ਼ਹੀਦ ਊਧਮ ਸਿੰਘ ਦੇ ਜੀਵਨ ਨਾਲ ਸਬੰਧਤ ਥਾਂ ਥਾਂ 'ਤੇ ਪਈਆਂ ਵਸਤਾਂ ਲਿਆ ਕੇ ਰੱਖੀਆਂ ਜਾਣਗੀਆਂ। ਉਨ੍ਹਾਂ ਸਥਾਨਕ ਲੋਕਾਂ ਨੂੰ ਇਸ ਥਾਂ ਦੀ ਸੰਭਾਲ ਕਰਨ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਬਹੁਤ ਸਾਰੇ ਅਣਗੌਲੇ ਯੋਧੇ ਹਨ ਜੋ ਆਜ਼ਾਦੀ ਅੰਦੋਲਨ ਦੌਰਾਨ ਕਾਲੇਪਾਣੀ ਦੀ ਸਜ਼ਾ ਭੁਗਤਦਿਆਂ ਹੀ ਇਸ ਜਹਾਨ ਤੋਂ ਤੁਰ ਗਏ ਅਤੇ ਉਨ੍ਹਾਂ ਦੀਆਂ ਯਾਦਾਂ ਕਾਲੇਪਾਣੀ ਜੇਲ੍ਹ ਤੱਕ ਹੀ ਰਹਿ ਗਈਆਂ। ਉਨ੍ਹਾਂ ਨਾਇਕਾਂ ਦੀ ਯਾਦ ਵਿਚ ਜਲਦੀ ਹੀ ਸੂਬਾ ਸਰਕਾਰ ਯਾਦਗਾਰ ਬਣਾਏਗੀ। ਮੁੱਖ ਮੰਤਰੀ ਨੇ ਸ਼ਹੀਦ ਊਧਮ ਸਿੰਘ ਦੇ ਵਾਰਸਾਂ ਜੀਤ ਸਿੰਘ, ਗਿਆਨ ਸਿੰਘ, ਰਣਜੀਤ ਕੌਰ, ਜੀਤ ਸਿੰਘ ਪੁੱਤਰ ਬਚਨ ਸਿੰਘ, ਮੋਹਨ ਸਿੰਘ, ਸ਼ਾਮ ਸਿੰਘ, ਗੁਰਮੀਤ ਸਿੰਘ ਅਤੇ ਮਲਕੀਤ ਸਿੰਘ (ਸਾਰੇ ਸੁਨਾਮ ਵਾਸੀ) ਦਾ ਸਨਮਾਨ ਕੀਤਾ। ਕਾਂਗਰਸ ਦੀ ਹਲਕਾ ਇੰਚਾਰਜ ਦਾਮਨ ਥਿੰਦ ਬਾਜਵਾ ਨੇ ਸਭ ਦਾ ਧੰਨਵਾਦ ਕੀਤਾ।

ਇਸ ਮੌਕੇ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਤੋਂ ਇਲਾਵਾ ਵਧੀਕ ਮੁੱਖ ਸਕੱਤਰ ਸੈਰ ਸਪਾਟਾ ਸੰਜੈ ਕੁਮਾਰ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਗੁਰਕਿਰਤ ਕ੍ਰਿਪਾਲ ਸਿੰਘ, ਡਾਇਰੈਕਟਰ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਕੰਵਲ ਪ੍ਰੀਤ ਬਰਾੜ, ਡਿਪਟੀ ਕਮਿਸ਼ਨਰ ਰਾਮਵੀਰ, ਡੀਆਈਜੀ ਵਿਕਰਮਜੀਤ ਦੁੱਗਲ, ਐੱਸਐੱਸਪੀ ਵਿਵੇਕ ਸ਼ੀਲ ਸੋਨੀ, ਐੱਸਡੀਐੱਮ ਮਨਜੀਤ ਕੌਰ ਅਤੇ ਡੀਐੱਸਪੀ ਬਲਜਿੰਦਰ ਸਿੰਘ ਪੰਨੂ ਵੀ ਹਾਜ਼ਰ ਸਨ। ਸੁਨਾਮ-



ਬਠਿੰਡਾ ਮਾਰਗ 'ਤੇ ਸੁਰੱਖਿਆ ਬੰਦੋਬਸਤਾਂ ਕਾਰਨ ਆਮ ਲੋਕਾਂ ਨੂੰ ਪ੍ਰੇਸ਼ਾਨੀ ਵੀ ਝੱਲਣੀ ਪਈ।

# ਪੰਜਾਬ 'ਚ ਭਲਕ ਤੋਂ ਖੁੱਲ੍ਹਣਗੇ ਸਾਰੀਆਂ ਕਲਾਸਾਂ ਲਈ ਸਕੂਲ

### ਸਕੂਲਾਂ ਨੂੰ ਕਰੋਨਾ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਹਦਾਇਤ

**ਚੰਡੀਗੜ੍ਹ।** ਪੰਜਾਬ ਸਰਕਾਰ ਨੇ ਕਰੋਨਾ ਦੀ ਦੂਜੀ ਲਹਿਰ ਮੱਠੀ ਪੈਣ ਮਗਰੋਂ ਸਕੂਲਾਂ ਨੂੰ 2 ਅਗਸਤ ਤੋਂ ਸਾਰੀਆਂ ਕਲਾਸਾਂ ਲਈ ਖੋਲ੍ਹਣ ਲਈ ਇਜਾਜ਼ਤ ਦੇ ਦਿੱਤੀ ਹੈ। ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਕਰੋਨਾ ਕੇਸਾਂ ਦੀ ਗਿਣਤੀ ਘਟਣ ਕਰਕੇ ਸੂਬਾ ਸਰਕਾਰ ਨੇ ਇਹ ਫ਼ੈਸਲਾ ਲਿਆ ਹੈ ਅਤੇ ਨਾਲ ਹੀ ਸਕੂਲਾਂ ਵਿੱਚ ਕਰੋਨਾ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਦੀ ਹਦਾਇਤ ਵੀ ਕੀਤੀ ਹੈ। ਕਰੋਨਾ ਮਹਾਮਾਰੀ ਕਾਰਨ ਸੂਬੇ 'ਚ ਸਕੂਲ ਸਵਾ ਸਾਲ ਤੋਂ ਬੰਦ ਹਨ। ਵਧੀਕ ਗ੍ਰਹਿ ਸਕੱਤਰ ਨੇ ਸੂਬੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਹੁਕਮ ਜਾਰੀ ਕਰਦਿਆਂ ਕਿਹਾ ਕਿ ਸਾਰੀਆਂ ਕਲਾਸਾਂ ਲਈ ਸਕੂਲਾਂ ਨੂੰ ਖੋਲ੍ਹਿਆ ਜਾ ਰਿਹਾ ਹੈ ਪਰ ਕਰੋਨਾ ਨਿਯਮਾਂ ਦੀ ਪਾਲਣਾ ਸਖ਼ਤੀ ਨਾਲ ਕੀਤੀ ਜਾਵੇ। ਇਸ ਦੌਰਾਨ ਸਕੂਲ ਸਟਾਫ਼ ਦੇ ਕਰੋਨਾ ਵੈਕਸੀਨ ਲੱਗੀ ਹੋਣੀ ਜ਼ਰੂਰੀ ਹੈ ਜਦਕਿ ਸਕੂਲਾਂ ਵਿੱਚ ਆਨਲਾਈਨ ਸਿੱਖਿਆ ਵੀ ਪਹਿਲਾਂ ਵਾਂਗ ਜਾਰੀ ਰਹੇਗੀ। 10ਵੀਂ ਤੋਂ 12ਵੀਂ ਕਲਾਸ ਲਈ ਸਕੂਲ ਪਹਿਲਾਂ ਹੀ 27 ਜੁਲਾਈ ਨੂੰ ਖੋਲ੍ਹੇ ਜਾ ਚੁੱਕੇ ਹਨ। ਇਸੇ ਦੌਰਾਨ ਸਿਹਤ ਮਾਹਿਰਾਂ ਵੱਲੋਂ ਜਲਦੀ ਹੀ ਕਰੋਨਾ ਲਾਗ ਦੀ ਤੀਜੀ ਲਹਿਰ ਆਉਣ ਦਾ ਖਦਸ਼ਾ ਵੀ ਜਤਾਇਆ ਜਾ ਰਿਹਾ ਹੈ, ਜਿਸ ਦੇ ਮੱਦੇਨਜ਼ਰ ਸੂਬਾ ਸਰਕਾਰ ਚੌਕਸ ਰਹਿਣ ਦਾ ਦਾਅਵਾ ਕਰ ਰਹੀ ਹੈ।



# ਬਿਰਧ ਅਥਲੀਟ ਬੇਬੇ ਮਾਨ ਕੌਰ ਦਾ ਦੇਹਾਂਤ

### ਕੈਂਸਰ ਤੋਂ ਸੀ ਪੀੜਤ; ਡੇਰਾਬਸੀ ਦੇ ਆਯੁਰਵੈਦਿਕ ਹਸਪਤਾਲ 'ਚ ਲਏ ਆਖਰੀ ਸਾਹ

**ਡੇਰਾਬਸੀ।** ਇਥੇ ਪਿੰਡ ਦੇਵੀ ਨਗਰ ਸਥਿਤ ਸ਼ੁੱਧੀ ਆਯੁਰਵੈਦਿਕ ਹਸਪਤਾਲ ਵਿੱਚ ਜ਼ੇਰੇ ਇਲਾਜ ਬਿਰਧ ਅਥਲੀਟ ਬੀਬੀ ਮਾਨ ਕੌਰ ਦਾ ਅੱਜ ਦੇਹਾਂਤ ਹੋ ਗਿਆ। ਉਹ 105 ਸਾਲਾਂ ਦੇ ਸਨ। ਉਹ ਕੈਂਸਰ ਦੀ ਬਿਮਾਰੀ ਤੋਂ ਪੀੜਤ ਸਨ ਤੇ ਉਨ੍ਹਾਂ ਦੁਪਹਿਰ ਇਕ ਵਜੇ ਆਖਰੀ ਸਾਹ ਲਏ। ਉਨ੍ਹਾਂ ਦਾ ਸਸਕਾਰ ਭਲਕੇ ਚੰਡੀਗੜ੍ਹ ਵਿਚ ਕੀਤਾ ਜਾਵੇਗਾ। ਬੀਬੀ ਮਾਨ ਕੌਰ ਨੇ 93 ਸਾਲ ਦੀ ਉਮਰ ਵਿੱਚ ਦੌੜਨਾ ਸ਼ੁਰੂ ਕੀਤਾ ਸੀ। ਉਨ੍ਹਾਂ ਦੇ ਨਾਂ ਕਈ ਕੌਮੀ ਅਤੇ ਕੌਮਾਂਤਰੀ ਰਿਕਾਰਡ ਸਨ। ਲੰਘੇ ਸਾਲ ਉਨ੍ਹਾਂ ਨੂੰ ਰਾਸ਼ਟਰਪਤੀ ਵੱਲੋਂ ਨਾਰੀ ਸ਼ਕਤੀ ਸਨਮਾਨ ਨਾਲ ਨਿਵਾਜਿਆ ਗਿਆ ਸੀ। ਬਿਰਧ ਅਥਲੀਟ ਦੇ ਲੜਕੇ ਗੁਰਦੇਵ ਸਿੰਘ ਨੇ ਦੱਸਿਆ ਕਿ ਬੀਬੀ ਮਾਨ ਕੌਰ ਪਿੱਤੇ ਦੇ ਕੈਂਸਰ ਨਾਲ ਪੀੜਤ ਸੀ। ਉਮਰ ਜ਼ਿਆਦਾ ਹੋਣ ਕਾਰਨ ਡਾਕਟਰਾਂ ਨੇ ਅਪਰੇਸ਼ਨ ਨਾ ਕਰਨ ਦੀ ਸਲਾਹ ਦਿੱਤੀ ਸੀ। ਉਨ੍ਹਾਂ ਨੂੰ ਲਗਪਗ ਇਕ ਮਹੀਨੇ ਪਹਿਲਾਂ ਆਯੁਰਵੈਦਿਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਬੀਬੀ ਮਾਨ ਕੌਰ ਦੀ ਸਿਹਤ ਵਿੱਚ ਪਹਿਲਾਂ ਤਾਂ ਸੁਧਾਰ ਹੋ ਰਿਹਾ ਸੀ, ਪਰ ਸ਼ੁੱਕਰਵਾਰ ਰਾਤ ਨੂੰ ਅਚਾਨਕ ਤਬੀਅਤ ਜ਼ਿਆਦਾ ਵਿਗੜ ਗਈ। ਉਂਜ ਉਹ ਸਰੀਰਕ ਪਖੋਂ ਕਾਫ਼ੀ ਕਮਜ਼ੋਰ ਹੋ ਗਏ ਸਨ। ਮ੍ਰਿਤਕ ਦੇਹ ਨੂੰ ਚੰਡੀਗੜ੍ਹ ਵਿੱਚ ਸੈਕਟਰ 40 ਸਥਿਤ ਉਨ੍ਹਾਂ ਦੀ ਰਿਹਾਇਸ਼ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਦਾ ਐਤਵਾਰ ਨੂੰ ਚੰਡੀਗੜ੍ਹ ਦੇ ਸੈਕਟਰ 25 ਵਿਚਲੇ ਸ਼ਮਸ਼ਾਨਘਾਟ ਵਿੱਚ ਸਸਕਾਰ ਕੀਤਾ ਜਾਵੇਗਾ। ਮਾਤਾ ਮਾਨ ਕੌਰ ਨੂੰ ਇਲਾਜ ਲਈ ਪੰਜ ਲੱਖ ਰੁਪਏ ਦਾ ਚੈੱਕ ਪੰਜਾਬ ਸਰਕਾਰ ਵੱਲੋਂ ਅਤੇ ਇਕ ਲੱਖ ਰੁਪਏ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੇ ਗਏ ਸਨ। ਸਮਾਜ ਸੇਵੀ ਦਵਿੰਦਰ ਸਿੰਘ ਬਾਜਵਾ ਵੱਲੋਂ ਵੀ ਬਿਮਾਰੀ ਦੌਰਾਨ ਵਿੱਤੀ ਮਦਦ ਕੀਤੀ ਗਈ ਸੀ। ਉਨ੍ਹਾਂ ਦੀ ਮੌਤ 'ਤੇ ਵਾਤਾਵਰਨ ਕਾਰਕੁਨ ਬਲਬੀਰ ਸਿੰਘ ਸੀਚੇਵਾਲ, ਹਲਕਾ ਵਿਧਾਇਕ ਐਨ.ਕੇ. ਸ਼ਰਮਾ, ਸਮਾਜ ਸੇਵੀ ਦਵਿੰਦਰ ਸਿੰਘ ਬਾਜਵਾ, ਪਹਿਲਵਾਨ ਕਰਤਾਰ ਸਿੰਘ ਤੇ ਖੇਡ ਪ੍ਰਮੋਟਰ ਨਰਿੰਦਰ ਕੰਗ ਨੇ ਦੁੱਖ ਪ੍ਰਗਟਾਇਆ ਹੈ।




# ਦਾਦੂਵਾਲ ਨੂੰ ਮਿਲਣ ਆ ਰਹੇ ਵਿਜੈ ਸਾਂਪਲਾ ਦਾ ਵਿਰੋਧ



**ਕਾਲਾਂਵਾਲੀ।** ਇੱਥੋਂ ਨੇੜਲੇ ਪਿੰਡ ਦਾਦੂ ਵਿੱਚ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਨੇ ਅੱਜ ਮਿਲਣ ਲਈ ਆਉਣਾ ਸੀ ਪਰ ਜਿਉਂ ਹੀ ਇਸ ਦੀ ਭਿਣਕ ਇਲਾਕੇ ਦੇ ਕਿਸਾਨਾਂ ਨੂੰ ਲੱਗੀ ਤਾਂ ਵੱਡੀ ਗਿਣਤੀ ਵਿੱਚ ਕਿਸਾਨ ਪਿੰਡ ਦਾਦੂ ਵਿੱਚ ਇਕੱਠੇ ਹੋਣੇ ਲੱਗੇ। ਕਿਸਾਨਾਂ ਨੇ ਭਾਜਪਾ ਅਤੇ ਹਰਿਆਣਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਪ੍ਰਦਰਸ਼ਨ ਦੀ ਸੂਚਨਾ ਮਿਲਦਿਆਂ ਹੀ ਪੁਲੀਸ ਅਤੇ ਪ੍ਰਸ਼ਾਸਨ ਵੀ ਹਰਕਤ ਵਿੱਚ ਆ ਗਿਆ ਤੇ ਥੋੜੇ ਹੀ ਸਮੇਂ ਵਿੱਚ ਪਿੰਡ ਦਾਦੂ ਪੁਲੀਸ ਛਾਉਣੀ 'ਚ ਤਬਦੀਲ ਹੋ ਗਿਆ। ਇਸ ਮਗਰੋਂ ਕਿਸਾਨਾਂ ਨੇ ਪਿੰਡ ਦੇ ਗੁਰਦੁਆਰੇ ਅੱਗੇ ਧਰਨਾ ਲਾ ਕੇ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ।

ਕਿਸਾਨ ਆਗੂ ਲਖਵਿੰਦਰ ਸਿੰਘ ਔਲਖ, ਗੁਰਦਾਸ ਸਿੰਘ ਲੱਕੜਵਾਲੀ ਅਤੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਕਿਸੇ ਵੀ ਪਿੰਡ ਵਿੱਚ ਭਾਜਪਾ ਦੇ ਆਗੂਆਂ ਨੂੰ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਜੈ ਸਾਂਪਲਾ ਦੇ ਪਿੰਡ ਦਾਦੂ ਦੇ ਗੁਰਦੁਆਰਾ ਗੁਰੂ ਗ੍ਰੰਥਸਰ ਸਾਹਿਬ ਵਿਖੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨਾਲ ਮੁਲਾਕਾਤ ਕਰਨ ਦੀ ਸੂਹ ਮਿਲਦਿਆਂ ਹੀ ਵੱਡੀ ਗਿਣਤੀ 'ਚ ਕਿਸਾਨ ਆਪਣੇ ਪੱਧਰ 'ਤੇ ਇਕੱਠੇ ਹੋ ਗਏ। ਕਿਸਾਨਾਂ ਨੇ ਪਿੰਡ ਦਾਦੂ ਵਿੱਚ ਆਉਣ ਵਾਲੀਆਂ ਸਾਰੀਆਂ ਸੜਕਾਂ ਅਤੇ ਹੋਰ ਰਸਤਿਆਂ 'ਤੇ ਟਰੈਕਟਰ-ਟਰਾਲੀਆਂ ਲਾ ਕੇ ਰਾਹ ਬੰਦ ਕਰ ਦਿੱਤੇ ਤਾਂ ਜੋ ਕੋਈ ਵੀ ਬਾਹਰੋਂ ਪਿੰਡ ਵਿੱਚ ਦਾਖਲ ਨਾ ਹੋ ਸਕੇ। ਇਸ ਮੌਕੇ ਕਿਸਾਨਾਂ ਵੱਲੋਂ ਗੁਰਦੁਆਰਾ ਸਾਹਿਬ ਦੇ ਸਾਹਮਣੇ ਧਰਨਾ ਲਾ ਕੇ ਨਾਅਰੇਬਾਜ਼ੀ ਕੀਤੀ ਗਈ ਅਤੇ ਪ੍ਰਸ਼ਾਸਨ ਵੱਲੋਂ ਸੁਰੱਖਿਆ ਪ੍ਰਬੰਧਾਂ ਹਿੱਤ ਭਾਰੀ ਗਿਣਤੀ ਵਿਚ ਆਰਏਐੱਫ ਅਤੇ ਹਰਿਆਣਾ ਪੁਲੀਸ ਤੈਨਾਤ ਕੀਤੀ ਗਈ। ਖ਼ਬਰ ਲਿਖੇ ਜਾਣ ਤੱਕ ਭਾਜਪਾ ਆਗੂ ਵਿਜੈ ਸਾਂਪਲਾ ਪਿੰਡ ਦਾਦੂ ਨਹੀਂ ਆਏ ਸਨ। ਆਗੂਆਂ ਨੇ ਕਿਹਾ ਕਿ ਉਹ ਦੇਰ ਰਾਤ ਤੱਕ ਧਰਨਾ ਜਾਰੀ ਰੱਖਣਗੇ।

# ਮਹਿੰਗਾਈ ਤੇ ਲੱਚਰ ਗਾਇਕੀ ਖ਼ਿਲਾਫ਼ ਮੋਟਰਸਾਈਕਲ ਮਾਰਚ



**ਚੰਡੀਗੜ੍ਹ।** ਨੌਜਵਾਨ ਭਾਰਤ ਸਭਾ ਨੇ ਬੇਰੁਜ਼ਗਾਰੀ, ਮਹਿੰਗਾਈ, ਨਸ਼ਿਆਂ, ਲੱਚਰ ਗਾਇਕੀ ਖ਼ਿਲਾਫ਼ ਅਤੇ ਫਿਰੋਜ਼ਪੁਰ 'ਚ ਸ਼ਹੀਦ ਭਗਤ ਸਿੰਘ ਅਤੇ ਮੋਗਾ 'ਚ ਰੀਗਲ ਸਿਨੇਮਾ ਗੋਲੀ ਕਾਂਡ ਨਾਲ ਜੁੜੀਆਂ ਇਤਿਹਾਸਕ ਇਮਾਰਤਾਂ ਨੂੰ ਬਚਾਉਣ ਲਈ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਤਿੰਨ ਰੋਜ਼ਾ ਮੋਟਰਸਾਈਕਲ ਮਾਰਚ ਕੱਢੇ। ਸੂਬਾ ਪ੍ਰਧਾਨ ਰੁਪਿੰਦਰ ਚੌਂਦਾ ਅਤੇ ਜਨਰਲ ਸਕੱਤਰ ਮੰਗਾ ਆਜ਼ਾਦ ਨੇ ਦੱਸਿਆ ਇਹ ਮੋਟਰਸਾਈਕਲ ਮਾਰਚ ਫਾਜ਼ਿਲਕਾ, ਮੋਗਾ, ਜਲੰਧਰ, ਸੰਗਰੂਰ, ਪਟਿਆਲਾ, ਫਰੀਦਕੋਟ, ਮੁਕਤਸਰ, ਫਿਰੋਜ਼ਪੁਰ ਅਤੇ ਵੱਖ-ਵੱਖ ਥਾਵਾਂ 'ਤੇ ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਕੀਤੇ।ਉਨ੍ਹਾਂ ਕਿਹਾ ਕਿ ਫਿਰੋਜ਼ਪੁਰ 'ਚ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ 84 ਸਾਲ ਪੁਰਾਣੇ ਇਤਿਹਾਸਕ ਗੁਪਤ ਟਿਕਾਣੇ 'ਤੇ ਹੀ ਸ਼ਹੀਦ ਭਗਤ ਸਿੰਘ ਨੇ ਆਪਣੇ ਵਾਲ ਕੱਟੇ, ਸਾਂਡਰਸ ਨੂੰ ਮਾਰਨ ਲਈ ਏਅਰ ਪਿਸਟਲ ਨਾਲ ਸਿਖਲਾਈ ਲਈ ਤੇ ਬੰਗਾਲ ਦੇ ਕ੍ਰਾਂਤੀਕਾਰੀ ਇੱਥੇ ਰਹਿੰਦੇ ਰਹੇ। ਦੂਜੇ ਪਾਸੇ 5 ਅਕਤੂਬਰ, 1972 ਨੂੰ ਰੀਗਲ ਸਿਨੇਮਾ ਮੋਗਾ 'ਚ ਸਰਕਾਰ ਨੇ ਵਿਦਿਆਰਥੀ ਸ਼ਹੀਦ ਕੀਤੇ। ਸਭਾ ਨੇ ਦੋਵੇਂ ਇਤਿਹਾਸਕ ਥਾਵਾਂ ਸਾਂਭਣ ਦੀ ਮੰਗ ਕੀਤੀ।

ਆਗੂਆਂ ਨੇ ਮੰਗ ਕੀਤੀ ਕਿ ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਨੂੰ ਘੱਟ ਕਰਕੇ ਜੀਐੱਸਟੀ ਅਧੀਨ ਲਿਆਂਦਾ ਜਾਵੇ। ਪ੍ਰਾਈਵੇਟ ਕੰਪਨੀਆਂ ਨਾਲ ਕੀਤੇ ਬਿਜਲੀ ਖ਼ਰੀਦ ਸਮਝੌਤੇ ਰੱਦ ਕੀਤੇ ਜਾਣ। ਪੰਜਾਬ ਸਰਕਾਰ ਮੱਤੇਵਾੜਾ ਜੰਗਲ ਦਾ ਉਜਾੜਾ ਤੁਰੰਤ ਬੰਦ ਕਰੇ। ਬੱਸਾਂ ਵਿੱਚ ਚੱਲਦੇ ਲੱਚਰ ਗੀਤਾਂ 'ਤੇ ਪਾਬੰਦੀ ਲੱਗੇ, ਗੀਤਾਂ ਲਈ ਸੈਂਸਰ ਬੋਰਡ ਬਣਾਇਆ ਜਾਵੇ, ਜਿਸ ਵਿੱਚ ਨੌਜਵਾਨ ਜਥੇਬੰਦੀਆਂ ਦੇ ਆਗੂ ਵੀ ਸ਼ਾਮਿਲ ਕੀਤੇ ਜਾਣ।

ਤਿੰਨੋਂ ਖੇਤੀ ਕਾਨੂੰਨ ਅਤੇ ਮਜਦੂਰਾਂ ਵਿਰੋਧੀ ਲੇਬਰ ਕੋਡ ਰੱਦ ਕੀਤੇ ਜਾਣ। ਇਨ੍ਹਾਂ ਮੰਗਾਂ ਸਬੰਧੀ ਡਿਪਟੀ ਕਮਿਸ਼ਨਰਾਂ, ਐੱਸਡੀਐੱਮਜ ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਭੇਜੇ ਗਏ।

# ਪੰਜਾਬ ਪੁਲੀਸ ਦੇ ਬੰਬ ਨਿਰੋਧਕ ਦਸਤੇ ਨੇ ਮਮਦੋਟ ਸਕੂਲ ਵਿੱਚੋਂ ਮਿਲੇ ਬੰਬ ਨੂੰ ਕੀਤਾ ਨਕਾਰਾ

## ਡੌਗ ਸਕੁਐਡ ਦੀ ਮਦਦ ਨਾਲ ਕੀਤੀ ਸਾਰੇ ਗਰਾਊਂਡ ਦੀ ਜਾਂਚ

**ਫਿਰੋਜਪੁਰ (ਅਸ਼ੋਕ ਭਾਰਦਵਾਜ)** ਸਰਕਾਰੀ ਕੰਨਿਆ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਮਮਦੋਟ ਜੋ ਕੇ ਕਸਬਾ ਮਮਦੋਟ ਤੋਂ ਸ਼ਿਫਟ ਹੋਣ ਤੋਂ ਬਾਅਦ ਫਿਰੋਜ਼ਪੁਰ ਮਮਦੋਟ ਰੋਡ ਤੇ ਪਿੰਡ ਜੋਧਪੁਰ ਨਜ਼ਦੀਕ ਨਵੀਂ ਬਣੀ ਬਿਲਡਿੰਗ ਵਿੱਚ ਚੱਲ ਰਿਹਾ ਹੈ ਦੇ ਗਰਾਊਂਡ ਵਿੱਚ ਨਵੀਂ ਪਾਈ ਭਰਤ ਵਿੱਚੋਂ ਕੱਲ੍ਹ ਮਿਲੇ ਵੱਡੇ ਤੋਪ ਦੇ ਗੋਲੇ ਨੂੰ ਅੱਜ ਪੰਜਾਬ ਪੁਲੀਸ ਦੇ ਬੰਬ ਨਿਰੋਧਕ ਦਸਤੇ ਵੱਲੋਂ ਨਕਾਰਾ ਕਰ ਦਿੱਤਾ ਗਿਆ ਹੈ । ਮਿਲੀ ਜਾਣਕਾਰੀ ਮੁਤਾਬਕ ਸਕੂਲ ਦੇ ਗਰਾਊਂਡ ਵਿੱਚ ਪੌਦੇ ਲਗਾਏ ਜਾਣ ਲਈ ਕੱਲ 30 ਜੁਲਾਈ ਨੂੰ ਖੱਡੇ ਖੋਦੇ ਜਾਣ ਸਮੇਂ ਮਜ਼ਦੂਰਾਂ ਨੂੰ ਇਹ ਬੰਬ ਮਿਲਿਆ ਸੀ ਤੇ ਮਜਦੂਰਾਂ ਵੱਲੋ ਸਕੂਲ ਪ੍ਰਬੰਧਕਾਂ ਨੂੰ ਸੂਚਿਤ ਕਰਨ ਤੋਂ ਬਾਅਦ ਸਕੂਲ ਪ੍ਰਿੰਸੀਪਲ ਵੱਲੋਂ ਪੁਲਸ ਨੂੰ ਸੂਚਿਤ ਕੀਤਾ ਗਿਆ ਸੀ ਜਿਸ ਦੇ ਚਲਦਿਆਂ ਅੱਜ ਅੰਮ੍ਰਿਸਰ ਤੋਂ ਆਏ ਪੁਲੀਸ ਦੇ ਬੰਬ ਨਿਰੋਧਕ ਦਸਤੇ ਵੱਲੋਂ ਬੰਬ ਨੂੰ ਨਕਾਰਾ ਕਰ ਦਿੱਤਾ ਗਿਆ । ਇਸ ਮੌਕੇ ਪੁਲੀਸ ਵੱਲੋਂ ਇਹਤਿਆਤ ਵਰਤਦੇ ਹੋਏ ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਣ ਵਾਸਤੇ ਸਕੂਲ ਦੇ ਆਸ ਪਾਸ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਸਨ । ਪੁਲੀਸ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਬੰਬ ਨੂੰ ਸਕੂਲ ਦੇ ਗਰਾਊਂਡ ਵਿਚੋਂ ਸੁਰੱਖਿਅਤ ਚੁੱਕਣ ਤੋਂ ਬਾਅਦ ਟੀਮ ਵੱਲੋ ਬੜੀ ਮੁਸ਼ਤੈਦੀ ਨਾਲ ਹੁਸੈਨੀਵਾਲਾ ਨਜ਼ਦੀਕ ਬੀ ਐਸ ਐਫ ਦੀ ਬਾਰੇ ਕੇ ਸ਼ੂਟਿੰਗ ਰੇਂਜ ਤੇ ਲਿਜਾ ਕੇ ਨਕਾਰਾ ਕੀਤਾ ਗਿਆ ਹੈ। ਨਵੀਂ ਪਾਈ ਭਰਤ ਵਿਚ ਹੋਰ ਕੋਈ ਸ਼ੱਕੀ ਵਸਤੂ ਹੈ ਜਾਂ ਨਹੀਂ ਇਸ ਵਾਸਤੇ ਡੌਗ ਸਕੁਐਡ



ਅਤੇ ਫੋਰੈਂਸਿਕ ਟੀਮ ਵੱਲੋਂ ਪੂਰੇ ਗਰਾਊਂਡ ਦੀ ਜਾਂਚ ਕੀਤੀ ਗਈ ਪ੍ਰੰਤੂ ਟੀਮ ਨੂੰ ਸਕੂਲ ਦੇ ਗਰਾਊਂਡ ਵਿੱਚੋਂ ਹੋਰ ਕੋਈ ਸ਼ੱਕੀ ਵਸਤੂ ਨਹੀਂ ਮਿਲੀ। ਇਸ ਮੌਕੇ ਥਾਣਾ ਮੁਖੀ ਗੁਰਪ੍ਰੀਤ ਸਿੰਘ ਨੇ ਸਕੂਲ ਪ੍ਰਬੰਧਕਾਂ ਦਾ ਸਮੇਂ ਸਿਰ ਪੁਲਸ ਨੂੰ ਇਤਲਾਹ ਦੇਣ ਅਤੇ ਸਮੇ ਸਮੇ ਤੋ ਲੋੜੀਂਦਾ ਸਹਿਯੋਗ ਕਰਨ ਲਈ ਧੰਨਵਾਦ ਕੀਤਾ ਹੈ। ਸਕੂਲ ਦੀ ਪ੍ਰਿੰਸੀਪਲ ਮੈਡਮ ਰੁਬੀਨਾ ਚੋਪੜਾ ਵੱਲੋਂ ਇਸ ਔਖੇ ਸਮੇਂ ਵਿੱਚ ਪੁਲਸ ਵੱਲੋਂ ਮਿਲੇ ਸਹਿਯੋਗ ਤੇ ਸਮੂਹ ਮੁਲਾਜਮਾ ਅਤੇ ਅਫ਼ਸਰ ਸਾਹਿਬਾਨ ਦਾ ਧੰਨਵਾਦ ਕਰਦਿਆ ਸ਼ਲਾਘਾ ਕੀਤੀ ਹੈ ।

# ਰਾਣਾ ਗੁਰਮੀਤ ਸਿੰਘ ਸੋਢੀ ਨੇ ਸ਼ਹੀਦ ਊਧਮ ਸਿੰਘ ਪੰਜਾਬ ਯੂਨੀਵਰਸਿਟੀ ਕੰਸਟੀਚਿਊਟ ਗੁਰੂਹਰਸਹਾਏ ਵਿਖੇ ਸ਼ਹੀਦ ਊਧਮ ਸਿੰਘ ਦੀ ਪ੍ਰਤਿਭਾ ਤੋਂ ਪਰਦਾ ਹਟਾਉਣ ਦੀ ਰਸਮ ਕੀਤੀ ਅਦਾ

## ਰਾਣਾ ਗੁਰਮੀਤ ਸਿੰਘ ਸੋਢੀ ਨੇ ਐੱਫ.ਐੱਫ ਰੋਡ ਤੋਂ ਮਿੱਡਾ ਵਿਖੇ ਬਣਨ ਵਾਲੀ ਸੜਕ ਦੇ ਨਵੀਨੀਕਰਨ ਦਾ ਵੀ ਰੱਖਿਆ ਨੀਂਹ ਪੱਥਰ

**ਫਿਰੋਜ਼ਪੁਰ ( ਅਸ਼ੋਕ ਭਾਰਦਵਾਜ )** ਕੈਬਨਿਟ ਮੰਤਰੀ ਖੇਡਾਂ, ਯੁਵਕ ਸੇਵਾਵਾਂ ਤੇ ਪਰਵਾਸੀ ਭਾਰਤੀ ਮਾਮਲੇ ਮੰਤਰੀ ਪੰਜਾਬ ਰਾਣਾ ਗੁਰਮੀਤ ਸਿੰਘ ਸੋਢੀ ਵੱਲੋਂ ਪਿੰਡ ਮੋਹਨ ਕੇ ਹਿਠਾੜ ਗੁਰੂਹਰਸਹਾਏ ਵਿਖੇ ਸ਼ਹੀਦ ਊਧਮ ਸਿੰਘ ਪੰਜਾਬ ਯੂਨੀਵਰਸਿਟੀ ਕੰਸਟੀਚਿਊਟ ਵਿਖੇ ਲਗਾਈ ਪ੍ਰਤਿਭਾ (ਬੁੱਤ) ਦੀ ਪਰਦਾ ਚੁੱਕਣ ਦੀ ਰਸਮ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਮੌਕੇ ਕੀਤੀ ਗਈ। ਇਸ ਦੌਰਾਨ ਬਾਜੇ ਕੇ ਡੇਰਾ ਬਾਬਾ ਰਾਮ ਥੰਮਣ ਦੇ ਸੇਵਕ ਬਾਬਾ ਹਰਮੇਸ ਦਾਸ ਜੀ ਨੇ ਅਰਦਾਸ ਕੀਤੀ। ਰਾਣਾ ਗੁਰਮੀਤ ਸਿੰਘ ਸੋਢੀ ਨੇ ਪ੍ਰੈਸ ਤੇ ਹਲਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਇਹੋ ਜਿਹੇ ਸ਼ਹੀਦਾਂ ਦੀਆ ਕੁਰਬਾਨੀਆ ਸਦਕਾ ਹੀ ਅਸੀਂ ਅੱਜ ਆਜ਼ਾਦ ਫਿਜ਼ਾ ਦਾ ਆਨੰਦ ਮਾਣ ਰਹੇ ਹਾਂ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਮਨ ਦੀ ਇੱਛਾ ਸੀ ਕਿ ਗੁਰੂਹਰਸਹਾਏ ਵਿਖੇ ਇੱਕ ਕਾਲਜ ਸਥਾਪਿਤ ਕੀਤਾ ਜਾਵੇ ਤੇ ਇਸ ਇੱਛਾ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਪੂਰਾ ਕੀਤਾ ਗਿਆ ਸੀ ਤੇ ਪਿੰਡ ਵਾਸੀਆ ਵੱਲੋਂ ਵੀ ਇੱਥੇ ਕਾਲਜ ਬਣਾਉਣ ਲਈ ਜਮੀਨ ਦਿੱਤੀ ਗਈ। ਉਨ੍ਹਾਂ ਕਿਹਾ ਕਿ ਹੁਣ ਉਨ੍ਹਾਂ ਦੀ ਸਰਕਾਰ ਮੌਕੇ ਹੀ ਇਸ ਕਾਲਜ ਵਿਖੇ ਉਨ੍ਹਾਂ ਨੂੰ ਸ਼ਹੀਦ ਊਧਮ ਸਿੰਘ ਦੀ ਪ੍ਰਤਿਭਾ ਲਗਾਉਣ ਦਾ ਮੌਕਾ ਮਿਲਿਆ ਹੈ ਤੇ ਇਸ ਪ੍ਰਤਿਭਾ ਦੇ ਕਾਲਜ ਵਿੱਚ ਲੱਗਣ ਨਾਲ ਆਉਣ ਵਾਲੀਆਂ ਪੀੜੀਆਂ ਨੂੰ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਦਾ ਪਤਾ ਲੱਗੇਗਾ। ਉਨ੍ਹਾਂ ਕਿਹਾ ਕਿ ਮੈਨੂੰ ਮਾਣ ਹੈ ਕਿ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਮੈਨੂੰ ਉਨ੍ਹਾਂ ਦੀ ਪ੍ਰਤਿਭਾ ਤੋਂ ਪਰਦਾ ਚੁੱਕਣ ਦੀ ਰਸਮ ਅਦਾ ਕੌਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਮਾਈਕਲ ਓਡਵਾਇਰ ਵੱਲੋਂ ਸੰਨ 1919 ਦੀ ਵਿਸਾਖੀ ਵਾਲੇ ਦਿਨ ਨਿਹੱਥੇ ਅਤੇ ਬੇਕਸੂਰ ਪੰਜਾਬੀਆਂ ਨੂੰ ਜਾਨੋਂ ਮਾਰ ਦੇਣ ਦੀ ਕਾਰਵਾਈ ਦਾ ਬਦਲਾ ਲੈਣ ਦੀ ਚਿੰਗਾਰੀ ਸ਼ਹੀਦ ਊਧਮ ਸਿੰਘ ਨੇ ਆਪਣੇ ਮਨ ਵਿੱਚੋਂ 20 ਸਾਲਾਂ ਤਕ ਬੁਝਣ ਨਹੀਂ ਦਿੱਤੀ ਤੇ ਜਲਿਆਂਵਾਲਾ ਬਾਗ ਦੇ ਸਾਕੇ ਦਾ ਬਦਲਾ ਊਧਮ ਸਿੰਘ ਨੇ 13 ਮਾਰਚ 1940 ਵਿੱਚ ਮਾਈਕਲ ਓਡਵਾਇਰ ਨੂੰ ਗੋਲੀ ਮਾਰ ਕੇ ਲਿਆ ਸੀ ਅਤੇ 31 ਜੁਲਾਈ 1940 ਨੂੰ ਊਧਮ ਸਿੰਘ ਨੂੰ ਲੰਡਨ ਦੀ ਜੇਲ੍ਹ ਵਿਖੇ ਫਾਂਸੀ ਦਿੱਤੀ ਗਈ। ਉਨ੍ਹਾਂ ਅੱਗੇ ਕਿਹਾ ਕਿ ਸਾਡੀ ਨੌਜਵਾਨ ਪੀੜੀ ਸ਼ਹੀਦਾ ਦੀਆ ਕੁਰਬਾਨੀਆਂ ਨੂੰ ਅਜਾਈ ਨਾ ਜਾਣ ਦੇਣ ਤੇ ਇੱਕ ਚੰਗੇ ਨਾਗਰਿਕ ਬਣ ਕੇ ਸਮਾਜ ਦੀਆਂ ਨੀਹਾਂ ਨੂੰ ਮਜਬੂਤ ਕਰਕੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ। ਉਨ੍ਹਾਂ ਕਿਹਾ ਕਿ ਤੁਹਾਡੀ ਬਦੌਲਤ ਹੀ ਮੈਂ ਐੱਮ.ਐੱਲ.ਏ ਤੇ ਮੰਤਰੀ ਬਣਿਆ ਹਾਂ ਤੇ ਮੇਰੀ ਹਮੇਸ਼ਾ ਇਹ ਕੋਸ਼ਿਸ਼ ਰਹੀ ਹੈ ਕਿ ਮੈਂ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਨਾ ਰਹਿਣ ਦੇਵਾ। ਜਿਸ ਨੂੰ ਮੁੱਖ ਰੱਖਦੇ ਹੋਏ ਹਲਕੇ ਦੀਆਂ ਸੜਕਾਂ, ਪਾਰਕਾਂ ਤੇ ਚੌਂਕਾ ਦਾ ਸੁੰਦਰੀਕਰਨ ਕਰਕੇ ਐੱਲ.ਈ.ਡੀ. ਲਾਈਟਾਂ ਲਗਵਾਈਆ ਗਈਆਂ ਹਨ। ਇਸ ਮੌਕੇ ਇਕਬਾਲ ਸਿੰਘ ਪਾਲਾ ਬੱਟੀ ਕੰਬੋਜ ਮਹਾਂਸਭਾ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਨੇ ਸ਼ਹੀਦ ਊਧਮ ਸਿੰਘ



ਦੇ ਜੀਵਨ ਤੇ ਸਹਾਦਤ ਸਬੰਧੀ ਸਮੂਹ ਹਾਜ਼ਰੀਨ ਨੂੰ ਜਾਣੂੰ ਕਰਵਾਇਆ।

ਇਸ ਤੋਂ ਬਾਅਦ ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਵੱਲੋਂ ਐੱਫ.ਐੱਫ ਰੋਡ ਤੋਂ ਮਿੱਡਾ ਵਿਖੇ ਬਣਨ ਵਾਲੀ ਸੜਕ ਦੇ ਨਵੀਨੀਕਰਨ ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਇਸ ਦੌਰਾਨ ਰਾਣਾ ਗੁਰਮੀਤ ਸਿੰਘ ਸੋਢੀ ਨੇ ਦੱਸਿਆ ਕਿ ਇਹ ਸੜਕ ਕੁੱਲ 134 ਲੱਖ ਰੁਪਏ ਦੀ ਲਾਗਤ ਨਾਲ ਬਣੇਗੀ ਅਤੇ 2450 ਮੀਟਰ ਲੰਬੀ ਅਤੇ 18 ਫੁੱਟ ਚੌੜੀ ਹੋਵੇਗੀ। ਉਨ੍ਹਾਂ ਕਿਹਾ ਕਿ ਹਲਕਾ ਨਿਵਾਸੀਆਂ ਨਿਵਾਸੀਆਂ ਨੂੰ ਇਸ ਸੜਕ ਦੇ ਬਣਨ ਨਾਲ ਕਾਫੀ ਫਾਇਦਾ ਹੋਵੇਗਾ ਤੇ ਸਾਫ ਸੁੱਥਰੀ ਤੇ ਵਧੀਆ ਸੜਕ ਦੇ ਬਣਨ ਨਾਲ ਦੁਰਘਟਨਾਵਾਂ ਦਾ ਵੀ ਖਤਰਾ ਟਲ ਜਾਵੇਗਾ। ਇੱਥੇ ਥਾਰਾ ਸਿੰਘ ਵਾਲਾ ਮੋੜ ਦੇ ਲੋਕਾਂ ਵੱਲੋਂ ਦੁਕਾਨਾਂ ਦੇ ਦੋਹਾਂ ਪਾਸਿਆਂ ਤੇ ਲਾਕਟਾਈਲ ਲਗਵਾਉਣ ਦੀ ਮੰਗ ਤੇ ਪੀ.ਡਬਲਯੂ.ਡੀ. ਦੇ ਕੰਟਰੈਕਟਰ ਗੌਤਮ ਕਲੂਚਾ ਨੇ ਦੱਸਿਆ ਕਿ ਇਸ ਲਾਕਟਾਈਲ ਲਗਵਾਉਣ ਤੇ ਲਗਭਗ 20 ਲੱਖ ਰੁਪਏ ਖਰਚ ਆਵੇਗਾ ਤਾਂ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਲਾਕਟਾਈਲ ਲਗਵਾ ਦਿੱਤੀ ਜਾਵੇ ਤੇ ਪੈਸਾ ਉਹ ਦੇ ਦੇਣਗੇ। ਇਸ ਮੌਕੇ ਕਾਂਗਰਸੀ ਆਗੂ ਨਸੀਬ ਸਿੰਘ, ਪੀਏ. ਅਮ੍ਰਿਤਪਾਲ ਸਿੰਘ, ਓ.ਐੱਸ.ਡੀ ਵਿੱਕੀ, ਰਵੀ ਚਾਵਲਾ ਚੇਅਰਮੈਨ ਮਾਰਕਿਟ ਕਮੇਟੀ ਮਮਦੋਟ, ਵੇਦ ਪ੍ਰਕਾਸ਼ ਚੇਅਰਮੈਨ ਮਾਰਕਿਟ ਕਮੇਟੀ, ਰਵੀ ਸ਼ਰਮਾ ਆੜ੍ਹਤੀਆ ਐਸ਼ੋਸੀਏਸ਼ਨ ਪ੍ਰਧਾਨ ਗੁਰੂਹਰਸਹ-ਏ, ਹੰਸ ਰਾਜ ਬੱਟੀ, ਕਸ਼ਮੀਰ ਲਾਲ ਸਮੇਤ ਵੱਡੀ ਗਿਣਤੀ ਵਿੱਚ ਹਲਕਾ ਨਿਵਾਸੀ ਤੇ ਕਾਂਗਰਸੀ ਆਗੂ ਹਾਜ਼ਰ ਸਨ।

# ਦੇਸ਼ ਦੀ ਆਜ਼ਾਦੀ ਲਈ ਅਨੇਕਾਂ ਕੁਰਬਾਨੀਆਂ ਦੇ ਬਾਵਜੂਦ ਵੀ ਅਸੀਂ ਨਹੀਂ ਹੋਏ ਆਜ਼ਾਦ : ਮਿੰਟੂ ਗਿੱਲ

## ਆਜ਼ਾਦੀ ਦੇ ਪ੍ਰਵਾਨਿਆਂ ਦੀਆਂ ਸ਼ਹਾਦਤਾਂ ਤੋਂ ਪ੍ਰੇਰਨਾ ਲੈਣੀ ਜਰੂਰੀ : ਪਦਮ/ਸ਼ਰਮਾ

**ਕੋਟਕਪੂਰਾ।** 'ਰਾਮ ਮੁਹੰਮਦ ਸਿੰਘ ਆਜਾਦ ਵੈਲਫੇਅਰ ਸੁਸਾਇਟੀ' ਕੋਟਕਪੂਰਾ ਨੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਵਿਲੱਖਣ ਢੰਗ ਨਾਲ ਮਨਾਉਂਦਿਆਂ ਸਰਕਾਰੀ ਸਕੂਲ ਵਿੱਚ ਪੜਦੇ ਬੱਚਿਆਂ ਨੂੰ ਜਿੱਥੇ ਦੇਸ਼ ਦੀ ਅਜਾਦੀ ਲਈ ਕੁਰਬਾਨੀਆਂ ਕਰਨ ਵਾਲੇ ਪ੍ਰਵਾਨਿਆਂ ਨੂੰ ਆਈਆਂ ਮੁਸ਼ਕਿਲਾਂ ਅਤੇ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ, ਉੱਥੇ ਹੋਣਹਾਰ ਬੱਚਿਆਂ ਦਾ ਵਿਸ਼ੇਸ਼ ਸਨਮਾਨ ਵੀ ਹੋਇਆ। ਸਟੇਜ ਸੰਚਾਲਨ ਕਰਦਿਆਂ ਪ੍ਰੋ. ਐੱਚ ਐੱਸ ਪਦਮ ਨੇ ਸੁਸਾਇਟੀ ਦੇ ਮੰਤਵ, ਸੇਵਾ ਕਾਰਜ ਆਦਿ ਦਾ ਸੰਖੇਪ ਵਿੱਚ ਵਰਨਣ ਕਰਨ ਦੇ ਨਾਲ-ਨਾਲ ਸਾਰਿਆਂ ਦੀ ਜਾਣ-ਪਛਾਣ ਵੀ ਕਰਵਾਈ। ਪ੍ਰੇਮ ਚਾਵਲਾ ਨੇ ਸ਼ਹੀਦ ਊਧਮ ਸਿੰਘ ਵਲੋਂ ਜਲਿਆਂਵਾਲੇ ਬਾਗ ਦੀ ਘਟਨਾ ਦਾ ਬਦਲਾ ਲੈਣ ਦੇ ਅਸਲ ਕਾਰਨਾ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਆਜਾਦੀ ਦੇ ਪ੍ਰਵਾਨਿਆਂ ਵਲੋਂ ਕੀਤੀਆਂ ਕੁਰਬਾਨੀਆਂ ਦੇ ਸਦਕਾ ਹੀ ਅੱਜ ਅਸੀਂ ਆਜਾਦ ਫਿਜ਼ਾ ਦਾ ਆਨੰਦ ਮਾਣ ਰਹੇ ਹਾਂ। ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੇਸ਼ ਦੀ ਆਜਾਦੀ ਤੋਂ ਪਹਿਲਾਂ ਅਤੇ ਵਰਤਮਾਨ ਹਲਾਤਾਂ ਦੇ ਸੰਦਰਭ ਵਿੱਚ ਅਨੇਕਾਂ ਮਿਸਾਲਾਂ ਦਿੰਦਿਆਂ ਦੱਸਿਆ ਕਿ ਅੱਜ ਨਾਮ ਦੀ ਆਜਾਦੀ ਜਰੂਰ ਹੈ ਪਰ ਅਸੀਂ ਆਜਾਦੀ ਤੋਂ ਬਾਅਦ ਵੀ ਕਿਸੇ ਨਾ ਕਿਸੇ ਮਾਨਸਿਕਤਾ ਦੀ ਗੁਲਾਮੀ ਭੋਗ ਰਹੇ ਹਾਂ। ਸੁਸਾਇਟੀ ਦੇ ਸੰਸਥਾਪਕ ਮਾਸਟਰ ਸੋਮਇੰਦਰ ਸੁਨਾਮੀ ਵਲੋਂ ਪੁੱਛੇ ਗਏ ਸਵਾਲਾਂ ਦਾ ਸਹੀ ਜਵਾਬ ਦੇਣ ਵਾਲੇ ਬੱਚਿਆਂ ਨੂੰ ਮੌਕੇ 'ਤੇ ਹੀ ਸਨਮਾਨਿਤ ਕਰਕੇ ਹੌਂਸਲਾ ਅਫਜਾਈ ਕੀਤੀ ਗਈ। ਮਨਦੀਪ ਸਿੰਘ ਮਿੰਟੂ ਗਿੱਲ ਨੇ ਅੰਕੜਿਆਂ ਸਹਿਤ ਅਤੇ ਦਲੀਲਾਂ ਨਾਲ ਭਰਪੂਰ ਅਨੇਕਾਂ ਉਦਾਹਰਨਾ ਦਿੰਦਿਆਂ ਬੱਚਿਆਂ 'ਚ ਉਤਸ਼ਾਹ ਦੀ ਭਾਵਨਾ ਸਬੰਧੀ ਕਈ ਨੁਕਤੇ ਸਾਂਝੇ ਕੀਤੇ। ਮੈਨੇਜਰ ਗੁਰਦੀਪ ਸਿੰਘ, ਨੰਬਰਦਾਰ ਸੁਖਵਿੰਦਰ ਸਿੰਘ ਪੱਪੂ, ਪ੍ਰਿੰਸੀਪਲ ਦਰਸ਼ਨ ਸਿੰਘ,



ਤਰਸੇਮ ਨਰੂਲਾ ਅਤੇ ਮੁਖਤਿਆਰ ਸਿੰਘ ਮੱਤਾ ਨੇ ਦੱਸਿਆ ਕਿ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਅਤੇ ਕੋਟਕਪੂਰਾ ਗਰੁੱਪ ਆਫ ਫੈਮਿਲੀਜ਼ ਬਰੈਂਪਟਨ (ਕੈਨੇਡਾ) ਵੱਲੋਂ ਭੇਜੀਆਂ ਗਈਆਂ ਜਾਗਰੂਕਤਾ ਵਾਲੀਆਂ ਕਾਪੀਆਂ ਵੀ ਸਾਰੇ ਬੱਚਿਆਂ ਨੂੰ ਤਕਸੀਮ ਕੀਤੀਆਂ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਨਵਦੀਪ ਸ਼ਰਮਾ ਨੇ ਸੁਸਾਇਟੀ ਦੇ ਉਕਤ ਉਪਰਾਲੇ ਦੀ ਭਰਪੂਰ ਪ੍ਰਸੰਸਾ ਕਰਦਿਆਂ ਦੱਸਿਆ ਕਿ ਸੁਸਾਇਟੀ ਵਲੋਂ ਸਰਕਾਰੀ ਸਕੂਲਾਂ ਵਿੱਚ ਪੜਦੇ ਬੱਚਿਆਂ ਨੂੰ ਉਤਸ਼ਾਹਿਤ ਕਰਨ ਵਾਲੇ ਸਾਰੇ ਪ੍ਰੋਗਰਾਮ ਪ੍ਰਸੰਸਾਯੋਗ ਹਨ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸ਼ਾਮ ਲਾਲ ਚਾਵਲਾ, ਮਾਸਟਰ ਸੁਖਮੰਦਰ ਸਿੰਘ, ਗੇਜ ਰਾਮ ਭੌਰਾ, ਮਾ. ਰਜਿੰਦਰ ਸਿੰਘ ਡੋਡ, ਯੋਗੇਸ਼ ਰਾਜਪੂਤ ਸਮੇਤ ਸੁਸਾਇਟੀ ਦੇ ਹੋਰ ਅਹੁਦੇਦਾਰਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਜ਼ਾਰਾ ਦਾ ਨਤੀਜਾ ਸ਼ਾਨਦਾਰ ਰਿਹਾ

## ਸ਼ਾਨਦਾਰ ਨਤੀਜਿਆਂ ਸਦਕਾ ਸਰਕਾਰੀ ਸਕੂਲ ਅਧਿਆਪਕਾਂ 'ਚ ਭਰਿਆ ਨਵਾਂ ਜੋਸ਼

**ਜਲੰਧਰ (ਅੰਮ੍ਰਿਤਪਾਲ ਸਿੰਘ ਸਫ਼ਰੀ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਜ ਐਲਾਨੇ ਗਏ 12ਵੀਂ ਜਮਾਤ ਦੇ ਸ਼ਾਨਦਾਰ ਨਤੀਜਿਆਂ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਜ਼ਾਰਾ ਦਾ ਨਤੀਜਾ 100 ਫੀਸਦੀ ਰਿਹਾ। ਸਕੂਲ ਦੇ 117 ਵਿਦਿਆਰਥੀਆਂ ਨੇ ਸਲਾਨਾ ਪ੍ਰੀਖਿਆ ਦਿੱਤੀ ਅਤੇ ਇਸ 'ਚੋਂ 117 ਪ੍ਰੀਖਿਆਰਥੀ ਸਫਲ ਹੋਏ। ਇਸ ਤਰ੍ਹਾਂ ਸਕੂਲ ਦੀ ਪਾਸ ਪ੍ਰਤੀਸ਼ਤਤਾ100 ਰਹੀ। ਸਕੂਲ ਦੀ ਵਿਦਿਆਰਥਣ ਲਵਲੀਨ ਨੇ 461/500 ਅੰਕ ਪ੍ਰਾਪਤ ਕੀਤੇ। ਇਸ ਨਤੀਜੇ ਸਬੰਧੀ ਪ੍ਰਿੰਸੀਪਲ ਕੁਲਦੀਪ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ, ਸਿੱਖਿਆ ਮੰਤਰੀ ਵਿਜੈ ਇੰਦਰ ਸਿੰਗਲਾ ਤੇ ਸਕੱਤਰ ਸਕੂਲ ਸਿੱਖਿਆ ਕ੍ਰਿਸ਼ਨ ਕੁਮਾਰ ਦੀ ਅਗਵਾਈ 'ਚ ਰਾਜ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਕਰੋਨਾ ਪਾਬੰਦੀਆਂ ਕਾਰਨ ਜਿਆਦਾਤਰ ਸਮਾਂ ਸਕੂਲ ਬੰਦ ਰਹਿਣ ਦੇ ਬਾਵਜੂਦ ਵੀ ਆਧੁਨਿਕ ਸੰਚਾਰ ਸਾਧਨਾਂ ਰਾਹੀਂ ਮਿਆਰੀ ਸਿੱਖਿਆ ਪ੍ਰਦਾਨ 'ਚ ਕੋਈ ਕਸਰ ਨਹੀਂ ਛੱਡੀ। ਇਸੇ ਮਨੋਰਥ ਲਈ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਮੋਬਾਇਲ ਫੋਨ ਪ੍ਰਦਾਨ ਕੀਤੇ ਗਏ। ਜਿਨ੍ਹਾਂ ਦਾ ਵਿਦਿਆਰਥੀਆਂ ਨੇ ਖੂਬ ਫਾਇਦਾ ਉਠਾਇਆ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲ ਅਧਿਆਪਕਾਂ ਨੇ ਵਿਭਾਗ ਵੱਲੋਂ ਤਿਆਰ ਕੀਤੀ ਡਿਜ਼ੀਟਲ ਵਿੱਦਿਅਕ ਸਮੱਗਰੀ ਨੂੰ ਵਿਦਿਆਰਥੀਆਂ ਤੱਕ ਪੁਹੰਚਾਉਣ ਲਈ ਵੱਖ-ਵੱਖ ਐਪਸ ਦੀ ਵਰਤੋਂ ਕੀਤੀ। ਇਸ ਤੋਂ ਇਲਾਵਾ ਵਿਭਾਗ ਦੀ ਐਜੂਕੇਅਰ ਐਪ ਰਾਹੀਂ ਵਿਭਾਗ ਦੇ ਮਾਹਿਰਾਂ ਨੇ ਮਿਆਰੀ ਵਿੱਦਿਅਕ ਸਮੱਗਰੀ ਇੱਕ ਬਸਤੇ ਦੇ ਰੂਪ 'ਚ ਵਿਦਿਆਰਥੀਆਂ ਤੱਕ ਪੁੱਜਦੀ ਕੀਤੀ। ਉਨ੍ਹਾਂ ਕਿਹਾ ਕਿ ਭਾਵੇਂ ਇਸ ਵਾਰ ਕੋਵਿਡ-19 ਕਾਰਨ ਸਲਾਨਾ ਪ੍ਰੀਖਿਆਵਾਂ ਨਹੀਂ ਹੋਈਆਂ ਪਰ ਰਾਜ ਦੇ ਸਕੂਲ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਸਲਾਨਾ ਪ੍ਰੀਖਿਆਵਾਂ ਲਈ ਹਰ ਸੰਭਵ ਤਰੀਕੇ ਤੇ ਸਾਧਨ ਰਾਹੀਂ ਤਿਆਰੀ ਕਰਵਾਈ ਗਈ ਸੀ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਪੂਰੀ ਤਰ੍ਹਾਂ ਜਮਾਤ ਵਾਲਾ ਮਾਹੌਲ ਦੇਣ ਲਈ ਡੀਡੀ ਪੰਜਾਬੀ ਟੀਵੀ ਚੈਨਲ ਰਾਹੀਂ ਵੀ ਨਿਰੰਤਰ ਜਮਾਤਾਂ ਲਗਾਈਆਂ। ਪਿਛਲੇ ਸ਼ੈਸ਼ਨ ਦੌਰਾਨ ਜਦੋਂ ਹੀ ਸਕੂਲ ਕੁਝ ਸਮੇਂ ਲਈ ਖੁੱਲ੍ਹੇ ਤਾਂ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੇ ਵਾਧੂ ਜਮਾਤਾਂ ਲਗਾ ਕੇ, ਆਪਣੇ ਵਿਦਿਆਰਥੀਆਂ ਨੂੰ ਸਲਾਨਾ ਪ੍ਰੀਖਿਆ ਲਈ ਪੂਰੀ ਤਰ੍ਹਾਂ ਤਿਆਰ ਕਰਨ 'ਚ ਕੋਈ ਕਸਰ ਨਹੀਂ ਛੱਡੀ। ਸਮੁੱਚੇ ਰੂਪ 'ਚ ਸਰਕਾਰੀ ਸਕੂਲ ਅਧਿਆਪਕਾਂ ਨੇ ਕਰੋਨਾ ਸੰਕਟ ਦੌਰਾਨ ਪਹਿਲਾ ਨਾਲੋਂ ਵੀ ਵਧੇਰੇ ਮਿਹਨਤ ਕੀਤੀ। ਪ੍ਰਿੰਸੀਪਲ ਨੇ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।

# ਪਿੰਡਾਂ ਦੇ ਸਰਪੰਚਾਂ ਵਲੋ ਵੀ ਮਨਰੇਗਾ ਮੁਲਾਜਮਾਂ ਦਿਆਂ ਸੇਵਾਵਾਂ ਰੈਗੁਲਰ ਕਰਨ ਲਈ ਸਰਕਾਰ ਤੋਂ ਮੰਗ ਕਿਤੀ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਪੰਚਾਇਤ ਵਿਭਾਗ ਦੇ ਨਰੇਗਾ ਮੁਲਾਜ਼ਮਾਂ ਨੂੰ ਅਣਮਿੱਥੇ ਸਮੇਂ ਲਈ ਹੜ੍ਹਤਾਲ ਤੇ ਜਾਣ ਕਾਰਨ ਪਿੰਡਾਂ ਵਿੱਚ ਵਿਕਾਸ ਦਾ ਕੰਮ ਬਿਲਕੁਲ ਹੀ ਠੱਪ ਹੋ ਗਿਆ ਹੈ। ਮਨਰੇਗਾ ਮਜ਼ਦੂਰਾਂ ਨੂੰ ਕੰਮ ਨਾ ਮਿਲਣ ਕਾਰਨ ਖਾਣ ਪੀਣ ਦੇ ਲਾਲੇ ਪਏ ਹੋਏ ਹਨ ਪਿਛਲੀ 9 ਜੁਲਾਈ ਤੋਂ ਮਨਰੇਗਾ ਮੁਲਾਜ਼ਮਾਂ ਦੀ ਹੜਤਾਲ ਜਾਰੀ ਹੈ। ਅੱਗੇ ਕੋਈ ਵੀ ਪਤਾ ਨਹੀਂ ਸਰਕਾਰ ਇਨ੍ਹਾਂ ਦਾ ਹੱਲ ਕਦੋਂ ਕਰੇਗੀ। ਪੰਜਾਬ ਵਿੱਚ 18 ਲੱਖ ਤੋਂ ਵੱਧ ਪਰਿਵਾਰਾਂ ਦੀ ਰੋਜ਼ੀ ਰੋਟੀ ਅਤੇ ਪਰਿਵਾਰ ਦਾ ਗੁਜ਼ਾਰਾ ਇਸ ਤੋਂ ਚੱਲਦਾ ਹੈ। ਮਨਰੇਗਾ ਕਾਮਿਆਂ ਅਤੇ ਡਿਊਟੀ ਕਰ ਰਹੇ ਮੁਲਾਜ਼ਮ ਦੀ ਇਸ ਮੁਸ਼ਕਿਲ ਨੂੰ ਦੇਖਦੇ ਹੋਏ ਹਲਕੇ ਦੇ ਸਰਪੰਚ ਇਕੱਠੇ ਹੋ ਕੇ ਹਲਕਾ ਵਿਧਾਇਕ ਮੈਡਮ ਇੰਦੂ ਬਾਲਾ ਨੂੰ ਮਿਲੇ ਅਤੇ ਮੰਗ ਕੀਤੀ ਕਿ ਨਰੇਗਾ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਜਾਵੇ। ਅਗਰ ਇਨ੍ਹਾਂ ਦਾ ਜਲਦੀ ਹੱਲ ਨਹੀਂ ਹੋਇਆ ਤਾਂ ਇਲਾਕੇ ਦੇ ਸਰਪੰਚ ਪੰਚ ਮਨਰੇਗਾ ਕਾਮਿਆਂ ਅਤੇ ਕਾਮਿਆਂ ਦੇ ਬੱਚਿਆਂ ਨੂੰ ਹੜਤਾਲ ਵਿੱਚ ਆਉਣ ਲਈ ਮਜਬੂਰ ਹੋਣਾ ਪੈ ਜਾਵੇਗਾ। ਸਰਪੰਚਾਂ ਨਾਲ ਗੱਲਬਾਤ ਕਰਦਿਆਂ ਮੈਡਮ ਇੰਦੂ ਬਾਲਾ ਨੇ ਆਖਿਆ ਕਿ ਪਹਿਲ ਦੇ ਆਧਾਰ ਤੇ ਹਾਈਕਮਾਂਨ ਨਾਲ ਗੱਲ ਕਰਕੇ ਇਸ ਦਾ ਹੱਲ ਕੱਢਾਂਗੇ। ਇਸ ਮੌਕੇ ਤੇ ਬਲਾਕ ਪ੍ਰਧਾਨ ਕਿਸ਼ੋਰ ਕੁਮਾਰ, ਕਾਂਗਰਸ ਆਗੂ ਸੁਧੀਰ ਠਾਕੁਰ, ਸਰਪੰਚ ਦਿਲਬਾਗ



ਸਿੰਘ, ਸਰਪੰਚ ਗੁਰਦੀਪ ਸਿੰਘ, ਸਰਪੰਚ ਸ਼ਮਸ਼ੇਰ ਸਿੰਘ, ਸਰਪੰਚ ਕੁਲਵਿੰਦਰ, ਗੁਰਨਾਮ ਸਿੰਘ ਆਦਿ ਹਾਜਿਰ ਸਨ।

# ਟਕਸਾਲੀ ਕਾਂਗਰਸੀਆਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਸਬੰਧੀ ਜਸਵੰਤ ਸਿੰਘ ਰੰਧਾਵਾ ਨਾਲ਼ ਕੀਤਾ ਵਿਚਾਰ ਵਟਾਂਦਰਾ

**ਮੁਕੇਰੀਆਂ (ਜਸਵੀਰ ਸਿੰਘ ਪੁਰੇਵਾਲ)** ਵਿਧਾਨ ਸਭਾ ਚੋਣਾਂ ਨੇੜੇ ਆਉਂਦੇ ਹੀ ਹਰ ਇੱਕ ਸਿਆਸੀ ਪਾਰਟੀਆਂ ਦੇ ਆਗੂ ਅਤੇ ਵਿਧਾਇਕਾਂ ਵਿੱਚ ਦੌੜ ਸ਼ੁਰੂ ਹੋ ਗਈ ਹੈ। ਭਾਵੇਂ ਉਹ ਪਿਛਲੇ ਚਾਰ ਸਾਲਾਂ ਤੋਂ ਉਨ੍ਹਾਂ ਪਿੰਡਾਂ ਵਿੱਚ ਵੀ ਨਾ ਵੜੇ ਹੋਣ ਪਰ ਵੋਟਾਂ ਨੇੜੇ ਆਉਂਦਿਆਂ ਹੀ ਪਿੰਡ ਪਿੰਡ ਨੁੱਕੜ ਮੀਟਿੰਗਾਂ ਕਰਨ ਲੱਗ ਗਏ ਹਨ। ਇਸੇ ਦੇ ਚਲਦਿਆਂ ਹਰ ਪਾਸੇ ਸਿਆਸੀ ਆਗੂ ਆਪਣੇ ਵਰਕਰਾਂ ਨਾਲ਼ ਮੇਲ-ਜੋਲ ਕਰਕੇ ਰਣਨੀਤੀਆਂ ਬਣਾ ਰਹੇ ਹਨ, ਪਰ ਇਸ ਵਾਰ ਕਿਸ ਨੂੰ ਮੌਕਾ ਮਿਲੇ ਇਹ ਤਾਂ ਵੋਟਰ ਹੀ ਜਾਣਦੇ ਹਨ। ਵਿਧਾਨ ਸਭਾ ਹਲਕਾ ਮੁਕੇਰੀਆਂ ਹਾਜੀਪੁਰ ਵਿੱਚ ਹਰ ਇੱਕ ਸਿਆਸੀ ਪਾਰਟੀ ਪੂਰੇ ਜ਼ੋਰ ਸ਼ੋਰਾ ਨਾਲ਼ ਤਿਆਰੀਆਂ ਤੇ ਲੱਗੀ ਹੋਈ ਹੈ। ਜੇਕਰ ਗੱਲ ਕਰੀਏ ਹਲਕਾ ਮੁਕੇਰੀਆਂ ਦੀ ਤਾਂ ਇਸ ਵਾਰ ਲੋਕਾਂ ਵਿੱਚ ਨਵਜੋਤ ਸਿੰਘ ਸਿੱਧੂ ਨੂੰ ਲੈ ਕੇ ਇੱਕ ਨਵੀਂ ਉਮੀਦ ਜਾਗੀ ਹੈ। ਜੇਕਰ ਵੇਖਿਆ ਜਾਵੇ ਤਾਂ ਪੁਰਾਣੇ ਵਿਧਾਇਕਾਂ ਵੱਲੋਂ ਮੁਕੇਰੀਆਂ ਹਲਕੇ ਦਾ ਕਿੰਨਾ ਕਿ ਵਿਕਾਸ ਹੋਇਆ ਹੈ ਇਹ ਕਿਸੇ ਤੋਂ ਲੁਕਿਆ ਨਹੀਂ ਸ਼ਾਇਦ ਨਵਜੋਤ ਸਿੰਘ ਸਿੱਧੂ ਪਾਰਟੀ ਵਿੱਚ ਹਲਕਿਆਂ ਤੋਂ ਕੁਝ ਨਵੇਂ ਚਿਹਰੇ ਲੈ ਕੇ ਆਉਣ ਜਿਸਦੀ ਹਰ ਇੱਕ ਸ਼ਖ਼ਸ ਉਡੀਕ ਕਰ ਰਿਹਾ ਹੈ। ਉਧਰ ਗੱਲ ਕਰੀਏ ਹਲਕਾ ਮੁਕੇਰੀਆਂ ਦੀ ਤਾਂ ਕਿਸਾਨਾਂ ਦੀ ਲੜਾਈ ਲੜਣ ਵਾਲੇ ਅਤੇ ਦੁੱਖ ਸੁੱਖ ਵਿਚ ਨਾਲ ਖੜਣ ਵਾਲੇ ਜਸਵੰਤ ਸਿੰਘ ਰੰਧਾਵਾ ਦੀ ਰਿਹਾਇਸ਼ ਪਿੰਡ ਮਹਿਮੂਦਪੁਰ ਬਟਾਲਾ ਵਿਖੇ ਇਲਾਕੇ ਦੇ ਸਮੂਹ ਟਕਸਾਲੀ ਕਾਂਗਰਸੀ ਲੀਡਰਾਂ ਨੇ ਸ਼ਿਰਕਤ ਕੀਤੀ ਅਤੇ ਹਾਈਕਮਾਂਡ ਤੱਕ ਆਪਣੀ ਅਵਾਜ



ਉਠਾਉਣ ਲਈ ਵਿਚਾਰ ਵਟਾਂਦਰਾ ਕੀਤਾ। ਸਮੂਹ ਟਕਸਾਲੀ ਆਗੂਆਂ ਨੇ ਕਿਹਾ ਕਿ ਉਹ ਹਲਕਾ ਵਿਧਾਇਕ ਦੀ ਅਣਦੇਖੀ ਨੂੰ ਲੈ ਕੇ ਹਾਈਕਮਾਂਡ ਨੂੰ ਮਿਲਣਗੇ ਤੇ ਆਉਂਦੀਆਂ ਵਿਧਾਨ ਸਭਾ ਚੌਣਾ ਵਿੱਚ ਗੁਪਤ ਸਰਵੇ ਕਰਵਾ ਕੇ ਜਿੱਤਣ ਵਾਲੇ ਉਮੀਦਵਾਰ ਨੂੰ ਟਿਕਟ ਦੇਣ ਦੀ ਗੱਲ ਰੱਖਣਗੇ। ਇਸ ਮੌਕੇ ਤਰਸੇਮ ਮਿਨਹਾਸ, ਨਰੋਤਮ ਸਾਬਾ, ਸੁਮਿਤ ਡੱਡਵਾਲ, ਕਸ਼ਮੀਰ ਸਿੰਘ, ਕੁਲਭੁਸ਼ਨ ਸੋਹਲ, ਮਲਕੀਅਤ ਸਿੰਘ ਪੋਤਾ, ਸਰਪੰਚ ਦਿਲਬਾਗ ਸਿੰਘ ਰੰਧਾਵਾ, ਗੁਰਜੀਵਨ ਸਿੰਘ ਕੌਲਪੁਰ, ਸਰਪੰਚ ਪਰਮਜੀਤ ਸਿੰਘ ਭਾਗੜਾ, ਇੰਦਰਜੀਤ ਸਿੰਘ ਖਾਲਸਾ ਹਾਜਿਰ ਸਨ।

# ਕੈਬਨਿਟ ਮੰਤਰੀ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਨਾਲ ਡੱਬੀ ਬਾਜ਼ਾਰ ਅਤੇ ਸ਼ੀਸ਼ ਮਹਿਲ ਦਾ ਕੀਤਾ ਦੌਰਾ

**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਉਦਯੋਗ ਤੇ ਵਣਜ ਮੰਤਰੀ ਪੰਜਾਬ ਸੁੰਦਰ ਸ਼ਾਮ ਅਰੋੜਾ ਨੇ ਕਿਹਾ ਕਿ ਪੂਰੇ ਵਿਸ਼ਵ ਵਿੱਚ ਵੁੱਡ ਇਨਲੇ ਵਰਕ ਦੇ ਲਈ ਮਸ਼ਹੂਰ ਹੁਸ਼ਿਆਰਪੁਰ ਦੇ ਡੱਬੀ ਬਾਜ਼ਾਰ ਦੇ ਸੁੰਦਰੀਕਰਨ ਨੂੰ ਲੈ ਕੇ ਮਸੌਦਾ ਤਿਆਰ ਕਰ ਲਿਆ ਗਿਆ ਹੈ। ਉਹ ਅੱਜ ਮੇਅਰ ਸੁਰਿੰਦਰ ਕੁਮਾਰ, ਡਿਪਟੀ ਕਮਿਸ਼ਨਰ ਅਪਨੀਤ ਰਿਆਤ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਆਸ਼ਿਕਾ ਜੈਨ ਅਤੇ ਹੋਰ ਅਧਿਕਾਰੀਆਂ ਦੇ ਨਾਲ ਡੱਬੀ ਬਾਜ਼ਾਰ ਅਤੇ ਸ਼ੀਸ਼ ਮਹਿਲ ਬਾਜ਼ਾਰ ਦਾ ਦੌਰਾ ਕਰਨ ਦੇ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਸ਼ਹਿਰ ਦੇ ਕੇਂਦਰ ਵਿੱਚ ਸਥਿਤ ਡੱਬੀ ਬਾਜ਼ਾਰ ਨੂੰ ਹੈਰੀਟੇਜ ਸਟਰੀਟ ਬਣਾਇਆ ਜਾਵੇਗਾ, ਇਸ ਤੋਂ ਇਲਾਵਾ ਇਥੇ ਬਣੇ ਸ਼ੀਸ਼ ਮਹਿਲ ਦਾ ਵੀ ਸੁੰਦਰੀਕਰਨ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦਾ ਵੁੱਡ ਇਨਲੇ ਵਰਕ ਜਿਥੇ ਪੂਰੇ ਵਿਸ਼ਵ ਵਿੱਚ ਪ੍ਰਸਿੱਧ ਹੈ ਉਥੇ ਸ਼ਹਿਰ ਦੀ ਪਹਿਚਾਣ ਇਥੇ ਬਣੇ ਸ਼ੀਸ਼ ਮਹਿਲ ਦੇ ਕਾਰਨ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਨਾਂ ਵਿਰਾਸਤਾਂ ਨੂੰ ਸੰਭਾਲਣ ਦੇ ਲਈ ਪੰਜਾਬ ਸਰਕਾਰ ਨੇ ਪਹਿਲ ਕੀਤੀ ਹੈ ਜਿਸ ਸਬੰਧ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨੇ ਪੂਰਾ ਖਾਕਾ ਤਿਆਰ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਡੱਬੀ ਬਾਜ਼ਾਰ ਹੈਰੀਟੇਜ ਸਟਰੀਟ ਦੇ ਡਿਜਾਇਨਿੰਗ ਕਰਕੇ ਟੈਂਡਰਿੰਗ ਬਹੁਤ ਜਲਦ ਕਰ ਲਈ ਜਾਵੇਗੀ ਅਤੇ 6 ਮਹੀਨੇ ਵਿੱਚ ਇਹ ਪੂਰਾ ਪ੍ਰੋਜੈਕਟ ਸੰਪਨ ਕਰ ਲਿਆ ਜਾਵੇਗਾ। ਸੁੰਦਰ ਸ਼ਾਮ ਅਰੋੜਾ ਨੇ ਕਿਹਾ ਕਿ ਡੱਬੀ ਬਾਜ਼ਾਰ ਹੈਰੀਟੇਜ ਸਟਰੀਟ ਅਤੇ ਦਸਤਕਾਰੀ ਦਾ ਨਮੂਨਾ ਸ਼ੀਸ਼ ਮਹਿਲ ਦਾ ਐਸਾ ਕਾਇਆਕਲਪ ਕੀਤਾ ਜਾਵੇਗਾ ਕਿ ਦੂਰ ਦਰਾਜ ਤੋਂ ਲੋਕ ਹੁਸ਼ਿਆਰਪੁਰ ਦੀ ਇਸ ਵਿਰਾਸਤ ਨੂੰ ਦੇਖਣ ਆਇਆ ਕਰਨਗੇ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਰਾਜਸਥਾਨ ਵਿੱਚ ਜੈਪੁਰ ਅਤੇ ਜੋਧਪੁਰ ਨੇ ਆਪਣੀਆਂ ਪੁਰਾਣੀਆਂ ਵਿਰਾਸਤਾਂ ਨੂੰ ਸੰਭਾਲਿਆ ਹੈ, ਉਸੇ ਤਰ੍ਹਾਂ ਹੁਸ਼ਿਆਰਪੁਰ ਦੀਆਂ ਵਿਰਾਸਤਾਂ ਨੂੰ ਸੰਭਾਲ ਕੇ ਸੈਰ ਸਪਾਟਾ ਦੇ ਤੌਰ 'ਤੇ ਵਿਕ-ਸਿਤ ਕੀਤਾ ਜਾਵੇਗਾ ਤਾਂ ਜੋ ਬਾਹਰ ਦੇ ਲੋਕ ਅਤੇ ਸਾਡੇ ਨੌਜਵਾਨ ਹੁਸ਼ਿਆਰਪੁਰ ਦੀ ਅਮੀਰ ਵਿਰਾਸਤ ਨੂੰ ਜਾਣ ਸਕਣ।



ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦੀ ਵਿਰਾਸਤ ਨੂੰ ਸੰਭਾਲਣ ਦੇ ਲਈ ਪੰਜਾਬ ਸਰਕਾਰ ਕੋਈ ਕਮੀ ਨਹੀਂ ਛੱਡੇਗੀ ਅਤੇ ਇਸ ਦੇ ਲਈ ਫੰਡ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਦੇ ਡੱਬੀ ਬਾਜ਼ਾਰ ਵਿੱਚ ਪੁਰਾਣੇ ਸਮੇਂ ਵਿੱਚ ਲੱਕੜੀ 'ਤੇ ਹਾਥੀ ਦੰਦ ਦੀ ਕਾਰੀਗਰੀ ਕੀਤੀ ਜਾਂਦੀ ਸੀ ਪਰ ਹਾਥੀ ਦੰਦ 'ਤੇ ਮਨਾਹੀ ਲੱਗਣ ਤੋਂ ਬਾਅਦ ਪਲਾਸਟਿਕ ਇਨਲੇ ਵਰਕ ਨੇ ਇਸਦਾ ਰੂਪ ਲੈ ਲਿਆ ਅਤੇ ਅੱਜ ਵੀ ਕਈ ਪਰਿਵਾਰ ਆਪਣੇ ਇਸ ਪੁਰਾਣੇ ਕੰਮ ਨੂੰ ਕਰਕੇ ਹੁਸ਼ਿਆਰਪੁਰ ਦਾ ਨਾਮ ਪੂਰੇ ਵਿਸ਼ਵ ਵਿੱਚ ਰੌਸ਼ਨ ਕਰ ਰਹੇ ਹਨ।ਇਸ ਮੌਕੇ 'ਤੇ ਚੇਅਰਮੈਨ ਨਗਰ ਸੁਧਾਰ ਟਰੱਸਟ ਐਡਵੋਕੇਟ ਰਾਕੇਸ਼ ਮਰਵਾਹਾ, ਫਾਈਨਾਂਸ ਕਮੇਟੀ ਦੇ ਚੇਅਰਮੈਨ ਬਲਵਿੰਦਰ ਕੁਮਾਰ ਬਿੰਦੀ, ਕੌਂਸਲਰ ਪ੍ਰਦੀਪ ਕੁਮਾਰ ਬਿੱਟੂ, ਕੌਂਸਲਰ ਅਨਮੋਲ ਜੈਨ, ਕੌਂਸਲਰ ਮੋਨੀਕਾ ਵਰਮਾ, ਡੀ.ਡੀ.ਐਫ. ਪਿਯੂਸ਼ ਗੋਇਲ, ਗੋਪਾਲ ਵਰਮਾ, ਗੁਰਦੀਪ ਕਟੋਚ, ਐਡਵੋਕੇਟ ਨਵੀਨ ਜੈਰਥ ਵੀ ਹਾਜ਼ਰ ਸਨ।

# ਬੀ ਐਫ ਐਸ ਸੀ ਨੇ ਪੰਜਾਬ ਪ੍ਰਦੇਸ਼ ਗੱਲਾ ਮਜ਼ਦੂਰਾਂ ਦਾ ਬਕਾਇਆ ਰਾਸ਼ੀ ਦਾ ਮਸਲਾ ਹੱਲ ਕਰਵਾਇਆ

**ਜੰਡਿਆਲਾ ਗੁਰ ( ਕੁਲਵੰਤ ਸਿੰਘ ਵਿਰਦੀ)** ਜੰਡਿਆਲਾ ਗੁਰੂ ਦੇ ਸਰਕਾਰੀ ਗੋਦਾਮਾਂ ਵਿੱਚ ਲੋਡਿੰਗ ਅਤੇ ਅਨਲੋਡਿੰਗ ਦਾ ਕੰਮ ਕਰਨ ਵਾਲੀ ਪੰਜਾਬ ਪ੍ਰਦੇਸ਼ ਗੱਲਾ ਮਜ਼ਦੂਰ ਯੂਨੀਅਨ ਦੇ 317 ਮਜ਼ਦੂਰਾਂ ਦੀ ਉਜਰਤ ਦੀ ਅਦਾਇਗੀ ਲਗਭਗ ਇੱਕ ਸਾਲ ਤੋਂ ਲਟਕ ਰਹੀ ਸੀ, ਜਿਸ ਬਾਰੇ ਮਜ਼ਦੂਰ ਯੂਨੀਅਨ ਨੇ ਕੰਮ ਬੰਦ ਕਰਨ ਦੀ ਧਮਕੀ ਵੀ ਦਿੱਤੀ ਸੀ ਅਤੇ ਖੁਰਾਕ ਸਪਲਾਈ ਵਿਭਾਗ ਦੇ ਡੀਐਫਐਸਸੀ ਰਾਜ ਰਿਸ਼ੀ ਮਹਿਰਾ, ਏਐਫਐਸ ਅਰਸ਼ਦੀਪ ਸਿੰਘ ਥਿੰਦ, ਐਸਐਚਓ ਜੰਡਿਆਲਾ ਹਰਪ੍ਰੀਤ ਸਿੰਘ ਨੇ ਦੋਵਾਂ ਧਿਰਾਂ ਨੂੰ ਬੁਲਾ ਕੇ ਮਾਮਲਾ ਸੁਲਝਾ ਲਿਆ। ਮਜ਼ਦੂਰਾਂ ਦੀਆਂ ਮੁੱਖ ਮੰਗਾਂ ਬਕਾਏ ਦਾ ਭੁਗਤਾਨ, ਈਪੀਐਫ ਫੰਡ, ਈਐਸਆਈਸੀ ਕਾਰਡ ਸਨ।ਜਿਸ ਕਾਰਨ ਇਹ ਠੇਕੇਦਾਰ ਅਤੇ ਮਜ਼ਦੂਰਾਂ ਵਿੱਚ ਲੰਮੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਡੀਐਫਐਸਸੀ ਨੇ ਠੇਕੇਦਾਰ ਯਾਕੂਬ ਮਸੀਹ ਨੂੰ ਤਲਬ ਕੀਤਾ ਹੈ ਕਿ ਕਿੰਨੇ ਕਾਮਿਆਂ ਦੇ ਈਐਸਆਈਸੀ ਕਾਰਡ ਬਣਾਏ ਗਏ ਹਨ ਅਤੇ ਕਿੰਨੇ ਮਜ਼ਦੂਰਾਂ ਦੇ ਈਪੀਐਫ ਫੰਡ ਜਮ੍ਹਾਂ ਕਰਵਾਏ ਗਏ ਹਨ। ਉਕਤ ਕਾਮਿਆਂ ਦੀ ਤਰਫੋਂ, ਉਨ੍ਹਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਉਹ ਨਿਰੰਤਰ ਕੰਮ ਕਰਨਗੇ,



ਬਸ਼ਰਤੇ ਉਨ੍ਹਾਂ ਦੀ ਅਦਾਇਗੀ ਠੇਕੇਦਾਰ ਦੁਆਰਾ ਬੰਦ ਨਾ ਕੀਤੀ ਗਈ ਹੋਵੇ.ਇਸ ਮੌਕੇ ਮਨਜਿੰਦਰ ਸਿੰਘ ਭੀਰੀ, ਭੀਤਾ ਪ੍ਰਧਾਨ, ਸਰਬਜੀਤ ਸਿੰਘ, ਗੁਰਮੀਤ ਸਿੰਘ, ਭਾਗ ਸਿੰਘ ਅਤੇ ਨਾਹਰ ਸਿੰਘ ਹਾਜ਼ਰ ਸਨ।

# ਆਲ ਇੰਡੀਆ ਅੱਤਵਾਦੀ ਵਿਰੋਧੀ ਸੰਗਠਨ ਵਲੋ ਸ਼ਹੀਦ ਉਧਮ ਸਿੰਘ ਨੂੰ ਸਰਧਾਂਜਲੀ

**ਅੰਮ੍ਰਿਤਸਰ (ਕੁਲਵੰਤ ਸਿੰਘ ਵਿਰਦੀ)** ਪੰਜਾਬ ਦੇ ਜਰਨਲ ਸੱਕਤਰ ਪਵਨ ਸੈਨੀ ਵਲੋ ਅੱਜ ਆਪਣੇ ਸੰਗਠਨ ਦੇ ਚੇਅਰਮੈਨ ਸਰਦਾਰ ਮਨਿੰਦਰ ਜੀਤ ਸਿੰਘ ਬਿਟਾ ਦੇ ਹੁਕਮਾਂ ਮੁਤਾਬਕ ਆਪਣੇ ਆਹੁਦੇਦਾਰਾ ਨਾਲ ਮਿਲ ਕੇ ਭਾਰਤ ਦੇ ਮਹਾਨ ਸਹੀਦ ਉਧਮ ਸਿੰਘ ਜੀ ਦਾ ਸਹੀਦੀ ਦਿਹਾੜਾ ਮਨਾਉਂਦੇ ਹੋਏ ਸਰਧਾ ਦੇ ਫੂਲ ਭੇਟ ਕੀਤੇ। ਪਤਰਕਾਰਾਂ ਨਾਲ ਗਲ ਕਰਦਿਆਂ ਸੈਨੀ ਨੇ ਨੋਜਵਾਨਾਂ ਲਈ ਸੰਦੇਸ਼ ਦਿੱਤਾ ਕਿ ਉਹ ਜਲਿਆਂਵਾਲਾ ਬਾਗ ਦੀ ਧਰਤੀ ਤੇ ਹੋਏ ਕਤਲੇਆਮ ਦਾ ਬਦਲਾ ਜਰਨਲ ਉਡਵਾਇਰ ਨੂੰ ਗੋਲੀਆਂ ਮਾਰ ਕੇ ਲੈਣ ਵਾਲੇ ਨੂੰ ਯਾਦ ਕਰ ਰਹੇ ਨੇ ਸਾਰੇ ਦੇਸ਼ ਵਾਸੀ ਉਹਨਾ ਦੀ ਕੁਰਬਾਨੀ ਨੂੰ ਕਦੀ ਵੀ ਭੁਲਾ ਨਹੀਂ ਸਕਦੇ। ਇਸ ਤਰ੍ਹਾਂ ਦੇਸ ਲਈ ਹਰ ਉਸ ਮਹਾਨ ਸਹੀਦ ਨੂੰ ਵੀ ਹਮੇਸ਼ਾ ਯਾਦ ਕਰਕੇ ਉਹਨਾਂ ਤੋ ਦਿਤੀਆਂ ਕੁਰਬਾਨੀਆਂ ਨੂੰ ਜਰੂਰ ਪੜ੍ਹਨ ਅਤੇ ਆਪਣੇ ਜੀਵਨ ਵਿੱਚ ਕੁੱਝ ਕਰਨ ਦਾ ਜਜਬਾ ਰਖਣ ਅਤੇ ਨਾਲ ਹੀ ਮੈ ਪ੍ਰਧਾਨ ਮੰਤਰੀ ਅਤੇ ਪੰਜਾਬ ਸਰਕਾਰ ਨੂੰ ਵੀ ਅਪੀਲ ਕਰਦਾ ਹਾ ਕਿ ਉਹ ਬਾਰਡਰ ਤੇ ਜੋ ਹਥਿਆਰਾਂ ਅਤੇ ਨਸੇ ਦੀ ਖੇਪ ਆਰ ਪਾਰ ਆਉਂਦੀ ਹੈ ਉਸ ਉਪਰ ਨਿਕੇਲ ਪਾਉਣ ਅਤੇ ਬਾਡਰ ਤੇ ਜਵਾਨਾਂ ਨੂੰ ਖੁਲੀ ਛੂਟ ਦੇਣ ਕਿਉਂਕਿ ਨਸ਼ੇ ਨਾਲ ਅੱਜ ਨੋਜਵਾਨਾਂ ਦੀ ਜਵਾਨੀ ਬਰਬਾਦ ਹੋ ਰਹੀ ਹੈ ਲੋਕਾਂ ਦੇ ਘਰਾਂ ਦੇ ਘਰ ਬਰਬਾਦ ਹੋ ਗਏ ਪਰ ਨਸ਼ੇ ਦੀ ਤਸਕਰੀ ਨਹੀਂ ਰੁਕੀ। ਇਸ ਉਪਰ ਸਰਕਾਰਾਂ ਨੂੰ ਕੋਈ ਨਾ ਕੋਈ ਸਟੈਂਡ ਜਰੂਰ ਲੈਣ ਚਾਹੀਦਾ ਹੈ ਨਹੀਂ ਤਾਂ ਇਸ ਸੋਨੇ ਦੀ ਚਿੜੀਆਂ ਕਹਾਉਣ ਵਾਲੇ ਦੇਸ਼ ਨੂੰ ਨਸ਼ਾ ਹੀ ਖਾ ਜਾਵੇਗਾ। ਇਸ ਮੌਕੇ ਸਿਵ




ਭੰਡਾਰੀ, ਸੁਖਬੀਰ ਸਿੰਘ, ਸੂਰਜ, ਪਰਮਜੀਤ ਸਿੰਘ, ਗੁਰਦੇਵ ਸਿੰਘ, ਜਤਿੰਦਰ ਹੈਪੀ, ਹਰੀਸ਼ ਮਹਾਜਨ, ਭੂਸਨ ਅਨੰਦ, ਜਸਬੀਰ ਸਿੰਘ ਭੋਲਾ, ਮੇਜਰ ਸਿੰਘ ਭੁਟਰ, ਸੋਮਨਾਥ, ਅਦਿਤਯ, ਪ੍ਰਕਾਸ਼, ਲਖਵਿੰਦਰ ਸਿੰਘ, ਸੁਖਦੇਵ ਰਾਜ, ਪਰੇਮ ਮਸੀਹ, ਗੁਰਵੀਰ ਸਿੰਘ, ਕਮਲਜੀਤ ਸਿੰਘ ਅਤੇ ਮੁਨੀਸ਼ ਕੁਮਾਰ ਹਾਜ਼ਰ ਸਨ।